Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 19 *Issue 09 Thursday, January 16, 2020 Tel: 905-793-2202 | Fax: 905-793-2282 | news@punjabipost.ca

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

## ਗੁਰਦੁਆਰਾ ਨਾਨਕਸਰ, ਪਾਕਪਤਨ ਸ਼ਹਿਰ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਗੁਰਦੁਆਰਾ ਨਾਨਕਸਰ, ਪਾਕਪਤਨ ਸ਼ਹਿਰ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

# ਕੰਜ਼ਰਵੇਟਿਵ ਫੰਡਰੇਜ਼ਿੰਗ ਬੋਰਡ ਤੋਂ ਹਾਰਪਰ ਨੇ ਦਿਤਾ ਅਸਤੀਫਾ



ਓਟਵਾ, 15 ਜਨਵਰੀ (ਪੋਸਟ ਬਿਊਰੋ) : ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਵੱਲੋਂ ਬੋਰਡ ਆਫ ਦ ਕੰਜ਼ਰਵੇਟਿਵ ਫੰਡ ਤੋਂ ਅਸਤੀਫਾ ਦੇ ਦਿੱਤਾ ਗਿਆ ਹੈ। ਇਸ ਦੀ ਪੁਸ਼ਟੀ ਪਾਰਟੀ ਵੱਲੋਂ ਕੀਤੀ ਗਈ।

ਪਾਰਟੀ ਦੇ ਸੀਨੀਅਰ ਸਰੋਤ ਨੇ ਆਖਿਆ ਕਿ ਇਸ ਅਸਤੀਫੇ ਦੀ ਕੋਈ ਉਮੀਦ ਨਹੀਂ ਸੀ। ਜ਼ਿਕਰਯੋਗ ਹੈ ਕਿ ਕੰਜ਼ਰਵੇਟਿਵ ਫੰਡ ਪਾਰਟੀ ਦੇ ਫਾਇਨਾਂਸਿਜ਼ ਅਤੇ ਫੰਡਰੇਜ਼ਿੰਗ ਲਈ ਜ਼ਿੰਮੇਵਾਰ ਹੈ ਤੇ ਇਸ ਦੀ ਨਿਗਰਾਨੀ ਸੀਨੀਅਰ ਕੰਜ਼ਰਵੇਟਿਵਜ਼ ਦੇ ਬੋਰਡ ਵੱਲੋਂ ਕੀਤੀ ਜਾਂਦੀ ਹੈ। ਪਾਰਟੀ ਦੇ ਬੁਲਾਰੇ ਕੋਰੀ ਹੈਨ ਨੇ ਇੱਕ ਈਮੇਲ ਵਿੱਚ ਆਖਿਆ ਕਿ ਹਾਰਪਰ ਵੱਲੋਂ ਕੰਜ਼ਰਵੇਟਿਵ ਫੰਡ ਦੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਗਿਆ ਹੈ। ਬੋਰਡ ਵਿੱਚ ਰਹਿੰਦਿਆਂ ਸਾਬਕਾ ਪ੍ਰਧਾਨ ਮੰਤਰੀ ਵੱਲੋਂ ਕੀਤੇ ਗਏ ਅਣਥੱਕ ਕੰਮ ਲਈ ਫੰਡ ਵੱਲੋਂ ਉਨ੍ਹਾਂ ਦਾ ਸ਼ੁਕਰੀਆ ਅਦਾ ਕੀਤਾ ਜਾਂਦਾ ਹੈ ਤੇ ਆਉਣ ਵਾਲੇ ਸਮੇਂ ਲਈ ਉਨ੍ਹਾਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਵੱਲੋਂ ਬੋਰਡ ਲਈ ਪਾਏ ਗਏ ਯੋਗਦਾਨ, ਦਿੱਤੇ ਗਏ ਸਮਰਥਨ ਤੇ ਸਹਿਯੋਗ ਲਈ ਅਸੀਂ ਉਨ੍ਹਾਂ ਦੇ ਕੰਮ ਦੀ ਸ਼ਲਾਘਾ ਕਰਦੇ ਹਾਂ।

ਸ਼ੀਅਰ ਵੱਲੋਂ ਕੀਤੇ ਗਏ ਵਿਵਾਦਗ੍ਰਸਤ ਖਰਚਿਆਂ ਕਾਰਨ ਫੰਡ ਕਾਫੀ ਚਰਚਾ ਵਿੱਚ ਸੀ। ਰੇਜਾਈਨਾ ਵਿੱਚ ਆਪਣੇ ਬੱਚਿਆਂ ਦੀ ਸਕੂਲਿੰਗ ਉੱਤੇ ਆਉਣ ਵਾਲੇ ਖਰਚੇ ਦੇ ਮੁਕਾਬਲੇ ਓਟਵਾ ਵਿੱਚ ਬੱਚਿਆਂ ਦੀ ਸਕੂਲਿੰਗ ਉੱਤੇ ਆਉਣ ਵਾਲੇ ਖਰਚੇ ਲਈ ਪਾਰਟੀ ਫੰਡਜ਼ ਦੀ ਵਰਤੋਂ ਕਰਨ ਦੇ ਮਾਮਲੇ ਵਿੱਚ ਸ਼ੀਅਰ ਉਸੇ ਦਿਨ ਹੀ ਕਸੂਤੇ ਫਸ ਗਏ ਸਨ ਜਿਸ ਦਿਨ ਉਨ੍ਹਾਂ ਅਸਤੀਫਾ ਦੇਣ ਦਾ ਐਲਾਨ ਕੀਤਾ ਸੀ। ਪਾਰਟੀ ਨੇ ਆਖਿਆ ਕਿ ਉਹ ਨਿਜੀ ਖਰਚੇ ਬੋਰਡ ਨਾਲੋਂ ਉੱਪਰ ਸਨ ਤੇ ਕੌਮੀ ਆਗੂ ਹੋਣ ਨਾਲ ਜੁੜੇ ਸਨ। ਪਰ ਕੁਝ ਕੰਜ਼ਰਵੇਟਿਵਾਂ ਵੱਲੋਂ ਸ਼ੀਅਰ ਨੂੰ ਇਹ ਫੰਡ ਮੁੜ ਅਦਾ ਕਰਨ ਲਈ ਆਖਿਆ ਗਿਆ ਤੇ ਇਸ ਗੱਲ ਉਤੇ ਵੀ ਇਤਰਾਜ਼ ਪ੍ਰਗਟਾਇਆ ਗਿਆ ਕਿ ਪਾਰਟੀ ਦੇ ਅਜਿਹੇ ਫੈਸਲੇ ਨੂੰ ਦਾਨੀਆਂ ਦੇ ਸਾਹਮਣੇ ਕਿਉਂ ਨਹੀਂ ਰੱਖਿਆ ਗਿਆ।

...ਬਾਕੀ ਪੰਨਾ 6 'ਤੇ

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

## ਕੰਜ਼ਰਵੇਟਿਵ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣਗੇ ਪੀਟਰ ਮੈਕੇਅ



ਓਟਵਾ, 15 ਜਨਵਰੀ (ਪੋਸਟ ਬਿਊਰੋ) : ਉੱਘੇ ਕੰਜ਼ਰਵੇਟਿਵ ਪੀਟਰ ਮੈਕੇਅ ਵੱਲੋਂ ਆਖਿਰਕਾਰ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਦਾ ਫੈਸਲਾ ਕੀਤਾ ਗਿਆ ਹੈ। ਬੁੱਧਵਾਰ ਦੁਪਹਿਰ ਨੂੰ ਮੈਕੇਅ ਨੇ ਟਵਿੱਟਰ ਉੱਤੇ ਇਸ ਸਬੰਧੀ ਐਲਾਨ ਕੀਤਾ। ਉਨ੍ਹਾਂ ਦੋਵਾਂ ਸਰਕਾਰੀ ਭਾਸ਼ਾਵਾਂ ਵਿੱਚ ਇਸ ਸਬੰਧੀ ਐਲਾਨ ਕੀਤਾ। ਅਗਲੇ ਹਫਤੇ ਨੋਵਾ ਸਕੋਸ਼ੀਆ ਵਿੱਚ ਉਨ੍ਹਾਂ ਵੱਲੋਂ ਰਸਮੀ ਤੌਰ ਉੱਤੇ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਦਾ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਕੈਂਪੇਨ ਲਈ ਮੈਕੇਅ ਦੇ ਕਮਿਊਨਿਕੇਸ਼ਨਜ਼ ਨੂੰ ਸਾਂਭਣ ਵਾਲੇ ਮਾਈਕਲ ਡਾਇਮੰਡ ਨੇ ਆਖਿਆ ਕਿ ਬਹੁਤ ਸਾਰੇ ਲੋਕ ਮੈਕੇਅ ਦੇ ਇਸ ਗੱਲ ਦੀ ਪੁਸ਼ਟੀ ਕਰਨ ਨਾਲ ਹੀ ਖੁਸ਼ ਹੋ ਗਏ ਹਨ। ਡਾਇਮੰਡ ਨੇ ਆਖਿਆ ਕਿ ਬਹੁਤ ਸਾਰੇ ਲੋਕ ਹੁਣ ਸਹੀ ਦਿਸ਼ਾ ਵੱਲ ਵਧਣ ਲਈ ਤਿਆਰ ਹਨ।

...ਬਾਕੀ ਪੰਨਾ 6 'ਤੇ

## ਜਹਾਜ਼ ਹਾਦਸੇ ਦੇ ਸਬੰਧ 'ਚ ਇਰਾਨ ਨੇ ਬੋਲਿਆ ਝੂਠ : ਰੂਹਾਨੀ



ਇਰਾਨ ਦੇ ਵਿਦੇਸ਼ ਮੰਤਰੀ ਮੁਹੰਮਦ ਜਾਵੇਦ ਜਰੀਫ

ਨਿਊ ਦਿਲੀ, 15 ਜਨਵਰੀ (ਪੋਸਟ ਬਿਊਰੋ) : ਪ੍ਰਮਾਣੂ ਡੀਲ ਤੋੜਨ ਤੋਂ ਬਾਅਦ ਤਿੰਨ ਦੇਸ਼ਾਂ ਵੱਲੋਂ ਦਿੱਤੀ ਧਮਕੀ ਤੋਂ ਬਾਅਦ ਇਰਾਨ ਦੇ ਰਾਸ਼ਟਰਪਤੀ ਨੇ ਬੁੱਧਵਾਰ ਨੂੰ ਇਹ ਚੇਤਾਵਨੀ ਦਿੱਤੀ ਕਿ ਮੱਧ ਪੂਰਬ ਵਿੱਚ ਯੂਰਪੀਅਨ ਸੈਨਿਕਾਂ ਨੂੰ ਖਤਰਾ ਹੋ ਸਕਦਾ ਹੈ। ਇਸ ਦੌਰਾਨ ਤਹਿਰਾਨ ਦੇ ਉੱਘੇ ਡਿਪਲੋਮੈਟ ਨੇ ਮੰਨਿਆ ਕਿ ਗਲਤੀ ਨਾਲ ਯੂਕਰੇਨ ਦੇ ਜਹਾਜ਼ ਨੂੰ ਨਿਸ਼ਾਨਾ ਬਣਾਉਣ ਤੋਂ ਬਾਅਦ ਇਰਾਨੀਆਂ ਵੱਲੋਂ ਕਈ ਦਿਨਾਂ ਤੱਕ ਝੂਠ ਬੋਲਿਆ ਗਿਆ। ਇਸ ਹਾਦਸੇ ਵਿਚ 176 ਲੋਕਾਂ ਦੀ ਮੌਤ ਹੋ ਗਈ ਸੀ।

...ਬਾਕੀ ਪੰਨਾ 6 'ਤੇ

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ
ANGLECON CONSTRUCTION
Fully Insured | Team of licensed trades | Quality work & on-time insured
RESIDENTIAL
• ਕਸਟਮ ਮੇਡ ਘਰ
• ਘਰਾਂ ਦੀ ਮੁਰੀ ਤਸਲੀਬਖ਼ਸ਼ ਰੈਨੋਵੇਸ਼ਨ
• ਲੀਗਲ ਬੇਸਮੈਂਟ
COMMERCIAL
• New store design & build
• Lease hold Improvements
• Medical, offices, retail, restaurants & salon
FAST TRACK PERMIT & CONSTRUCTION
437.219.5009
info@anglecon.ca
BRAMPTON • MISSISSAUGA • ETOBICOKE • OAKVILLE
ਬਰੈਂਪਟਨ • ਮਿਸੀਸਾਗਾ • ਇਟੋਬੀਕੋਕ • ਓਕਵਿਲ

Home Address Signs
$40 OFF
ONLY THIS WEEK
289.981.8187

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ
ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵੱਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵੱਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਮਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Finished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E. #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish Racoons
Call : PARESH PATEL
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
647.990.3205
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

## ਅੱਜ ਨਾਮਾ >>

ਚੱਲਦੀ ਪਈ ਸ਼ਤਰੰਜ ਜਿਹੀ ਰਾਜਨੀਤੀ,
ਪਹਿਲੀ ਚੱਲਦੀ ਸਰਕਾਰ ਹੈ ਚਾਲ ਬੇਲੀ।
ਆਵੇ ਗੱਲ ਜਾਂ ਬਾਹਰ ਤਾਂ ਦੇਸ਼ ਅੰਦਰ,
ਨਵਾਂ ਆਉਂਦਾ ਈ ਬੜਾ ਉਬਾਲ ਬੇਲੀ।
ਕਿਤੇ ਹੁੰਦਾ ਵਿਰੋਧ ਜਿਹਾ ਸੜਕ ਉੱਪਰ,
ਪੁਲਸ ਬਣਦੀ ਸਰਕਾਰ ਦੀ ਢਾਲ ਬੇਲੀ।
ਚੱਲਦਾ ਗੇੜ ਵੀ ਨਾਲੇ ਕਚਹਿਰੀਆਂ ਦਾ,
ਲੱਗਦੀ ਗੱਲ ਨਹੀਂ ਆਲ-ਪਤਾਲ ਬੇਲੀ।
ਝਿੜਕਾਂ ਮਾਰਦੇ ਜੱਜਾਂ ਦੀ ਖਬਰ ਆਵੇ,
ਪੈਂਦਾ ਫੇਰ ਸਰਕਾਰ ਨੂੰ ਫਰਕ ਨਹੀਓਂ।
ਬਹੁਤ ਦੁਨੀਆ ਹੈ ਆਖਦੀ ਹਿੰਦ ਬਾਰੇ,
ਰਹੀ ਕੰਨ 'ਤੇ ਜੂੰਅ ਵੀ ਸਰਕ ਨਹੀਓਂ।

**ਤੀਸ ਮਾਰ ਖਾਂ**

# ਡੱਗ ਫੋਰਡ ਦੇ ਕੰਜ਼ਰਵੇਟਿਵਾਂ ਨਾਲੋਂ ਅੱਗੇ ਚੱਲ ਰਹੇ ਹਨ ਲਿਬਰਲ : ਸਰਵੇਖਣ

ਓਨਟਾਰੀਓ, 15 ਜਨਵਰੀ (ਪੋਸਟ ਬਿਊਰੋ) : ਇੱਕ ਨਵੇਂ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਸੱਤਾਧਾਰੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੇ ਮੁਕਾਬਲੇ ਓਨਟਾਰੀਓ ਵਿੱਚ ਲਿਬਰਲ ਅੱਗੇ ਚੱਲ ਰਹੇ ਹਨ। ਭਾਵੇਂ ਲਿਬਰਲ ਪਾਰਟੀ ਨੇ ਅਜੇ ਤੱਕ ਆਪਣਾ ਕੋਈ ਆਗੂ ਨਹੀਂ ਚੁਣਿਆ ਹੈ ਤੇ ਅਗਲੇ ਸੱਤ ਹਫਤਿਆਂ ਤੱਕ ਨਵਾਂ ਆਗੂ ਚੁਣੇ ਜਾਣ ਦੀ ਕੋਈ ਸੰਭਾਵਨਾ ਵੀ ਨਹੀਂ ਹੈ।

ਪੋਲਾਰਾ ਸਟਰੈਟੇਜਿਕ ਇਨਸਾਈਟਸ ਸਰਵੇਖਣ ਅਨੁਸਾਰ, ਇਸ ਸਮੇਂ ਲਿਬਰਲ 33 ਫੀ ਸਦੀ, ਟੋਰੀਜ਼ 29 ਫੀ ਸਦੀ ਤੇ ਐਨਡੀਪੀ 27 ਫੀ ਸਦੀ ਉੱਤੇ ਚੱਲ ਰਹੇ ਹਨ ਜਦਕਿ ਗ੍ਰੀਨ ਪਾਰਟੀ ਨੌਂ ਫੀ ਸਦੀ ਨਾਲ ਫਾਡੀ ਹੈ। ਪੋਲਾਰਾ ਦੇ ਪ੍ਰੈਜ਼ੀਡੈਂਟ ਕ੍ਰੇਗ ਵੌਰਡਨ ਨੇ ਬੁੱਧਵਾਰ ਨੂੰ ਆਖਿਆ ਕਿ 2018 ਵਿੱਚ ਹਾਰ ਦਾ ਮੂੰਹ ਵੇਖਣ ਦੇ ਬਾਵਜੂਦ ਲਿਬਰਲ ਬ੍ਰੈਂਡ ਕਾਫੀ ਮਜ਼ਬੂਤ ਹੈ। ਵੌਰਡਨ ਨੇ ਨੋਟ ਕੀਤਾ ਕਿ ਲਿਬਰਲ 7 ਮਾਰਚ ਨੂੰ ਮਿਸੀਸਾਗਾ ਵਿੱਚ ਹੋਣ ਜਾ ਰਹੇ ਇਜਲਾਸ ਵਿੱਚ ਆਪਣਾ ਨਵਾਂ ਚੀਫ ਨਿਯੁਕਤ ਕਰਨਗੇ।



ਇਸ ਮੁਕਾਬਲੇ ਵਿੱਚ ਐਮਪੀਪੀ ਮਾਈਕਲ ਕੋਟੋ ਤੇ ਮਿਤਜ਼ੀ ਹੰਟਰ, ਸਾਬਕਾ ਮੰਤਰੀ ਸਟੀਵਨ ਡੈਲ ਡੂਕਾ, ਸਾਬਕਾ ਉਮੀਦਵਾਰ ਕੇਟ ਗ੍ਰਾਹਮ ਤੇ ਐਲਵਿਨ ਤੇਜ਼ਦੋ ਤੋਂ ਇਲਾਵਾ ਵਕੀਲ ਬ੍ਰੈਂਡਾ ਹੌਲਿੰਗਸਵਰਥ ਸ਼ਾਮਲ ਹਨ। ਵੌਰਡਨ ਨੇ ਆਖਿਆ ਕਿ ਕਈ ਸਾਲਾਂ ਦੇ ਅਰਸੇ ਤੋਂ ਬਾਅਦ ਲਿਬਰਲ ਆਪਣੇ ਪਹਿਲਾਂ ਵਾਲੇ ਨੰਬਰ ਇੱਕ ਦੇ ਸਥਾਨ ਉੱਤੇ ਪਹੁੰਚੇ ਹਨ। ਜ਼ਿਕਰਯੋਗ ਹੈ ਕਿ ਦੋ ਸਾਲ ਪਹਿਲਾਂ ਪ੍ਰੀਮੀਅਰ ਡੱਗ ਫੋਰਡ ਦੀ ਅਗਵਾਈ ਵਿੱਚ ਟੋਰੀਜ਼ ਨੇ ਕਈ ਸਾਲਾਂ ਤੋਂ ਚੱਲੇ ਆ ਰਹੇ ਲਿਬਰਲਾਂ ਦੇ ਦਬਦਬੇ ਨੂੰ ਖ਼ਤਮ ਕੀਤਾ ਸੀ। 2003 ਤੋਂ ਡਾਲਟਨ ਮੈਗਿੰਟੀ ਤੇ ਕੈਥਲੀਨ ਵਿੰਨ ਦੀ ਅਗਵਾਈ ਵਿੱਚ ਲਿਬਰਲਾਂ ਨੇ ਕਈ ਸਾਲ ਓਨਟਾਰੀਓ ਵਿੱਚ ਲੋਕਾਂ ਦੇ ਦਿਲਾਂ ਉੱਤੇ ਰਾਜ਼ ਕੀਤਾ।

ਇਹ ਸਰਵੇਖਣ 2198 ਓਨਟਾਰੀਓ ਵਾਸੀਆਂ ਉੱਤੇ ਕੀਤਾ ਗਿਆ। ਇਹ ਵੀ ਪਾਇਆ ਗਿਆ ਕਿ 2019 ਦੇ ਬਹਾਰ ਦੇ ਮੌਸਮ ਵਿੱਚ ਫੋਰਡ ਸਰਕਾਰ ਨਿਵਾਣਾਂ ਵੱਲ ਵਧੀ ਪਰ ਫਿਰ ਜੂਨ ਵਿੱਚ ਫੋਰਡ ਵੱਲੋਂ ਕੈਬਨਿਟ ਵਿੱਚ ਕੀਤੀ ਗਈ ਫੇਰਬਦਲ ਨਾਲ ਕੁੱਝ ਸੁੱਖ ਦਾ ਸਾਹ ਆਇਆ। ਪਰ ਇਹ ਤਬਦੀਲੀ ਵੀ ਲੋਕਾਂ ਦੇ ਮਨਾਂ ਉੱਤੇ ਕੋਈ ਡੂੰਘੀ ਛਾਪ ਛੱਡਣ ਵਾਲੀ ਨਹੀਂ ਲਗ ਰਹੀ। ਅਜੇ ਤੱਕ ਵੋਟਰਾਂ ਨਾਲ ਜੁੜਨ ਵਿੱਚ ਫੋਰਡ ਸਰਕਾਰ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵੌਰਡਨ ਨੇ ਆਖਿਆ ਕਿ ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਓਨਟਾਰੀਓ ਦੇ ਸਕੂਲਾਂ ਵਿੱਚ ਹੋਣ ਵਾਲੀ ਮੌਜੂਦਾ ਉਥਲ ਪੁਥਲ ਦਾ ਚੋਣਾਂ ਦੇ ਨਤੀਜਿਆਂ ਉੱਤੇ ਕੋਈ ਅਸਰ ਪਵੇਗਾ ਜਾਂ ਨਹੀਂ।

ਓਨਟਾਰੀਓ ਵਿੱਚ ਅਗਲੀਆਂ ਚੋਣਾਂ 2022 ਵਿੱਚ ਹੋਣਗੀਆਂ। 2018 ਵਿੱਚ ਹੋਈਆਂ ਚੋਣਾਂ ਵਿੱਚ ਟੋਰੀਜ਼ 40.5 ਫੀ ਸਦੀ ਵੋਟਾਂ ਹਾਸਲ ਕਰਕੇ ਅੱਗੇ ਰਹੇ ਸਨ, ਇਸ ਦੌਰਾਨ ਐਨਡੀਪੀ ਨੂੰ 33.6 ਫੀ ਸਦੀ, ਲਿਬਰਲਾਂ ਨੂੰ 19.6 ਫੀ ਸਦੀ ਤੇ ਗ੍ਰੀਨਜ਼ ਨੂੰ 4.6 ਫੀ ਸਦੀ ਵੋਟਾਂ ਹਾਸਲ ਹੋਈਆਂ ਸਨ।

# ਫ਼ੌਜੀ ਕੈਂਪ ਤੋਂ ਅਸਲਾ ਚੋਰੀ ਕਰਨ ਵਾਲਾ ਹਰਪ੍ਰੀਤ ਹਸਪਤਾਲ 'ਚੋਂ ਫ਼ਰਾਰ

ਹੁਸ਼ਿਆਰਪੁਰ, 15 ਜਨਵਰੀ (ਪੋਸਟ ਬਿਊਰੋ)- ਪਿਛਲੇ ਸਾਲ ਦਸੰਬਰ ਵਿੱਚ ਮੱਧ ਪ੍ਰਦੇਸ਼ ਦੇ ਪੰਚਮੜੀ ਫ਼ੌਜੀ ਕੈਂਪ ਤੋਂ ਅਸਲਾ ਚੋਰੀ ਕਰਨ ਵਾਲਾ ਹੁਸ਼ਿਆਰਪੁਰ ਦੇ ਮਿਆਣੀ ਪਿੰਡ ਦਾ ਹਰਪ੍ਰੀਤ ਸਿੰਘ ਕੱਲ੍ਹ ਤੜਕੇ ਹੁਸ਼ਿਆਰਪੁਰ ਦੇ ਸਿਵਲ ਹਸਪਤਾਲ ਤੋਂ ਪੁਲਸ ਨੂੰ ਚਕਮਾ ਦੇ ਕੇ ਖਿਸਕ ਗਿਆ। ਉਹ 31 ਦਸੰਬਰ ਤੋਂ ਹਸਪਤਾਲ ਵਿੱਚ ਦਾਖ਼ਲ ਸੀ। ਡਾਕਟਰਾਂ ਦੇ ਦੱਸਣ ਅਨੁਸਾਰ ਹਰਪ੍ਰੀਤ ਸਿੰਘ ਦੀ ਬਾਂਹ ਟੁੱਟ ਗਈ ਸੀ। ਸਵੇਰੇ ਲਗੱਭਗ ਚਾਰ ਵਜੇ ਉਹ ਕੈਦੀਆਂ ਦੇ ਵਾਰਡ ਦੇ ਸਾਹ-ਮਣੇ ਬਣੇ ਬਾਥਰੂਮ ਵਿੱਚ ਗਿਆ ਅਤੇ ਵਾਪਸ ਆਉਂਦਿਆਂ ਹੀ ਸੁਰੱਖਿਆ ਕਰਮਚਾਰੀ ਨੂੰ ਧੱਕਾ ਮਾਰ ਕੇ ਫ਼ਰਾਰ ਹੋ ਗਿਆ। ਇਸ ਦੀ ਸੂਚਨਾ ਮਿਲਣ 'ਤੇ ਸੀਨੀਅਰ ਪੁਲਸ ਅਧਿਕਾਰੀ ਮੌਕੇ 'ਤੇ ਪੁੱਜੇ ਤੇ ਹਰਪ੍ਰੀਤ ਨੂੰ ਲੱਭਣ ਲਈ ਰੇਲਵੇ ਸਟੇਸ਼ਨ, ਬੱਸ ਅੱਡੇ ਅਤੇ ਹੋਰ ਥਾਵਾਂ 'ਤੇ ਪੁਲਸ ਪਾਰਟੀਆਂ ਭੇਜੀਆਂ, ਪਰ ਕੁਝ ਹਾਸਲ ਨਾ ਹੋਇਆ। ਪਤਾ ਲੱਗਾ ਹੈ ਕਿ ਕੈਦੀ ਵਾਰਡ 'ਚ ਚਾਰ ਪੁਲਸ ਕਰਮਚਾਰੀਆਂ ਦੀ ਡਿਊਟੀ ਸੀ, ਪਰ ਉਨ੍ਹਾਂ ਵਿੱਚੋਂ ਦੋ ਹਾਜ਼ਰ ਸਨ। ਕੈਦੀ ਦੇ ਫ਼ਰਾਰ ਹੋਣ ਮਗਰੋਂ ਜ਼ਿਲ੍ਹੇ ਦੇ ਪੁਲਸ ਮੁਖੀ ਗੌਰਵ ਗਰਗ ਨੇ ਚਾਰਾਂ ਜਣਿਆਂ ਨੂੰ ਸਸਪੈਂਡ ਕਰ ਦਿੱਤਾ ਅਤੇ ਕਿਹਾ ਕਿ ਲਾਪ੍ਰਵਾਹੀ ਦੇ ਦੋਸ਼ ਹੇਠ ਕਰਮਚਾਰੀਆਂ ਖ਼ਿਲਾਫ਼ ਹੋਰ ਕਾਰਵਾਈ ਕੀਤੀ ਜਾ ਸਕਦੀ ਹੈ। ਹਰਪ੍ਰੀਤ ਸਿੰਘ ਅਤੇ ਉਸ ਦੇ ਸਾਥੀ ਜਗਤਾਰ ਸਿੰਘ ਉਰਫ਼ ਜੱਗਾ ਨੂੰ ਹੁਸ਼ਿਆਰਪੁਰ ਪੁਲਸ ਨੇ ਨੌਂ ਦਸੰਬਰ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਤੋਂ ਫ਼ੌਜੀ ਕੈਂਪ 'ਚੋਂ ਚੋਰੀ ਹੋਇਆ ਅਸਲਾ ਬਰਾਮਦ ਕੀਤਾ ਸੀ। ਜੱਗਾ ਖਾਲਿਸਤਾਨ ਜ਼ਿੰਦਾਬਾਦ ਫ਼ੋਰਸ ਦੇ ਖਾੜਕੂ ਹਰਭਜਨ ਸਿੰਘ ਦਾ ਪੁੱਤਰ ਹੈ। ਹਰਪ੍ਰੀਤ 2015 ਵਿੱਚ ਫ਼ੌਜ 'ਚ ਭਰਤੀ ਹੋਇਆ ਸੀ ਅਤੇ ਬੈਂਡ ਮੈਨ ਵਜੋਂ ਡਿਊਟੀ ਨਿਭਾਉਂਦਾ ਸੀ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

# ਬਾਜਵਾ ਵੱਲੋਂ ਕੈਪਟਨ ਨੂੰ ਚੁਣੌਤੀ: ਮੈਂ ਗਿੱਦੜ ਧਮਕੀਆਂ ਤੋਂ ਨਹੀਂ ਡਰਦਾ, ਕੁਰਬਾਨੀ ਦੇਣ ਨੂੰ ਤਿਆਰ ਹਾਂ : ਬਾਜਵਾ

ਚੰਡੀਗੜ੍ਹ, 15 ਜਨਵਰੀ, (ਪੋਸਟ ਬਿਊਰੋ)- ਐਨ ਓਦੋਂ ਜਦੋਂ ਪੰਜਾਬ ਦੇ ਮੰਤਰੀਆਂ ਨੇ ਕੈਪਟਨ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਪੱਖ ਵਿੱਚ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਉੱਤੇ ਅਨੁਸ਼ਾਸਨੀ ਕਾਰਵਾਈ ਦੀ ਮੰਗ ਕੀਤੀ ਹੋਈ ਹੈ, ਅੱਜ ਬੁੱਧਵਾਰ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉੱਤੇ ਫਿਰ ਤਿੱਖੇ ਹਮਲੇ ਕੀਤੇ ਅਤੇ ਏਥੋਂ ਤੱਕ ਕਹਿ ਦਿੱਤਾ ਕਿ ਮੇਰਾ ਸਿਰ ਵੀ ਕਲਮ ਕਰ ਦਿੱਤਾ ਜਾਵੇ ਤਾਂ ਲੋਕ-ਹਿੱਤ ਦੀ ਲੜਾਈ ਲੜਦਾ ਰਹਾਂਗਾ। ਬਾਜਵਾ ਦਾ ਕਹਿਣਾ ਹੈ ਕਿ ਉਹ ਗਿੱਦੜ ਧਮਕੀਆਂ ਤੋਂ ਡਰਨ ਵਾਲੇ ਨਹੀਂ, ਉਹ ਸੱਚ ਬੋਲਦੇ ਰਹਿਣਗੇ, ਬੇਸ਼ੱਕ ਉਨ੍ਹਾਂ ਨੂੰ ਗੋਲੀ ਮਰਵਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਇਮਾਨਦਾਰੀ ਨਾਲ ਲੋਕਾਂ ਦੇ ਹਿਤ ਲਈ ਲੜਨ ਵਾਲਿਆਂ ਦਾ ਸਿਰ ਕਲਮ ਕਰ ਦਿੱਤਾ ਜਾਂਦਾ ਹੈ, ਪਰ ਮੈਂ ਕੁਰਬਾਨੀ ਦੇਣ ਨੂੰ ਤਿਆਰ ਹਨ।

ਅੱਜ ਏਥੇ ਆਪਣੀ ਰਿਹਾਇਸ਼ ਵਿਖੇ ਮੀਡੀਆ ਨਾਲ ਗੱਲਬਾਤ ਦੌਰਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪਿਛਲੇ ਸਮੇਂ ਵਿੱਚ ਪੰਜਾਬ ਵਿਚ 12 ਵਾਰ ਬਿਜਲੀ ਦਰਾਂ ਦਾ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਲੋਕ ਕਹਿੰਦੇ ਹਨ ਕਿ ਉਨ੍ਹਾਂ ਦੀ ਕਮਾਈ ਤੋਂ ਵੱਧ ਬਿਜਲੀ ਬਿਲ ਆਉਂਦੇ ਹਨ।



ਆਪਣੇ ਖਿਲਾਫ ਕਾਰਵਾਈ ਦੀ ਮੰਗ ਲਈ ਪੰਜਾਬ ਦੇ ਮੰਤਰੀਆਂ ਦੇ ਬਿਆਨ ਬਾਰੇ ਉਨ੍ਹਾ ਕਿਹਾ ਕਿ ਛੇ ਜਣਿਆਂ ਨੇ ਉਨ੍ਹਾਂ ਨੂੰ ਫੋਨ ਕਰ ਕੇ ਕਿਹਾ ਹੈ ਕਿ ਪ੍ਰੈਸ ਨੋਟ ਵਿਚ ਉਨ੍ਹਾਂ ਦਾ ਨਾਂ ਹੈ, ਉਨ੍ਹਾਂ ਕੋਈ ਗੱਲ ਨਹੀਂ ਕਹੀ ਅਤੇ ਮੰਤਰੀਆਂ ਨੇ ਉਨ੍ਹਾਂ ਨੂੰ ਲੋਕ ਹਿਤ ਦੇ ਮੁੱਦੇ ਚੁੱਕਦੇ ਰਹਿਣ ਲਈ ਹੌਸਲਾ ਵੀ ਦਿੱਤਾ ਹੈ।

ਇਸ ਮੌਕੇ ਬਾਜਵਾ ਨੇ ਕਿਹਾ ਕਿ ਉਨ੍ਹਾਂ ਕਾਂਗਰਸ ਪਾਰਟੀ ਅਤੇ ਪੰਜਾਬ ਨੂੰ ਬਚਾਉਣਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਦੇ ਦੋ ਸਾਲ ਬਾਕੀ ਹਨ, ਫਿਰ ਲੋਕਾਂ ਨੂੰ ਜਵਾਬ ਇਸ ਮੁੱਖ ਮੰਤਰੀ ਨੂੰ ਦੇਣਾ ਪਵੇਗਾ। ਬਰਗਾੜੀ ਅਤੇ ਬਹਿਬਲ ਕਲਾਂ ਕਾਂਡ ਦੀ ਤੁਲਨਾ ਜਲ੍ਹਿਆਂਵਾਲਾ ਬਾਗ ਦੀ ਘਟਨਾ ਨਾਲ ਕਰਦੇ ਹੋਏ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਜਦੋਂ ਤਕ ਸਾਬਕਾ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਪੁਲਿਸ ਮੁਖੀ ਸੁਮੇਧ ਸੈਣੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਂਦਾ, ਉਦੋਂ ਤੱਕ ਪੰਜਾਬੀਆਂ ਅਤੇ ਸਿੱਖਾਂ ਦਾ ਗੁੱਸਾ ਠੰਢਾ ਨਹੀਂ ਹੋ ਸਕਦਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਟਰੰਪ ਵਿਰੁੱਧ ਮਹਾਦੋਸ਼ ਦਾ ਮਾਮਲਾ: ਡੇਮੋਕਰੇਟ ਪਾਰਲੀਮੈਂਟ ਮੈਂਬਰਾਂ ਨੇ ਨਵੇਂ ਦਸਤਾਵੇਜ਼ ਜਾਰੀ ਕੀਤੇ

ਵਾਸ਼ਿੰਗਟਨ, 15 ਜਨਵਰੀ, (ਪੋਸਟ ਬਿਊਰੋ)- ਅਮਰੀਕੀ ਪਾਰਲੀਮੈਂਟ ਦੇ ਉੱਪਰਲੇ ਹਾਊਸ ਸੈਨੇਟ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖ਼ਿਲਾਫ਼ ਮਹਾਦੋਸ਼ ਬਾਰੇ ਸੁਣਵਾਈ ਹੋਣ ਤੋਂ ਪਹਿਲਾਂ ਡੈਮੋਕਰੇਟਿਕ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਨੇ ਕੁਝ ਨਵੇਂ ਦਸਤਾਵੇਜ਼ ਜਾਰੀ ਕੀਤੇ ਅਤੇ ਦਾਅਵਾ ਕੀਤਾ ਹੈ ਕਿ ਇਹ ਦਸਤਾਵੇਜ਼ ਉਨ੍ਹਾਂ ਨੂੰ ਟਰੰਪ ਦੇ ਨਿੱਜੀ ਵਕੀਲ ਰੂਡੀ ਗੁਲੀਆਨੀ ਦੇ ਕਰੀਬੀ ਸਹਿਯੋਗੀ ਲੇਵ ਪਰਨਾਸ ਕੋਲੋਂ ਮਿਲੇ ਹਨ।

ਨਵੇਂ ਪੇਸ਼ ਹੋਏ ਦਸਤਾਵੇਜ਼ਾਂ ਵਿੱਚ ਹੱਥ ਲਿਖਿਆ ਇਕ ਨੋਟ ਵੀ ਹੈ, ਜਿਸ ਵਿੱਚ ਯੂਕਰੇਨ ਦੇ ਰਾਸ਼ਟਰਪਤੀ ਨੂੰ ਜੋਅ ਬਿਡੇਨ ਕੇਸ ਦੀ ਜਾਂਚ ਕਰਨ ਨੂੰ ਕਿਹਾ ਗਿਆ ਹੈ। ਇਸ ਵਿੱਚ ਯੂਕਰੇਨ ਵਿੱਚ ਅਮਰੀਕੀ ਰਾਜਦੂਤ ਮੈਰੀ ਯੋਵਾਨੋਵਿਚ ਨੂੰ ਹਟਾਉਣ ਤੋਂ ਪਹਿਲਾਂ ਪਰਨਾਸ ਦੀ ਗੁਲੀਆਨੀ ਨਾਲ ਗੱਲਬਾਤ ਦਾ ਜ਼ਿਕਰ ਹੈ। ਦਸਤਾਵੇਜ਼ਾਂ ਦੇ ਮੁਤਾਬਕ ਗੁਲੀਆਨੀ ਅਤੇ ਯੂਕਰੇਨੀ ਅਧਿਕਾਰੀਆਂ ਨਾਲ ਪਰਨਾਸ ਲਗਾਤਾਰ ਗੱਲਬਾਤ ਕਰਦੇ ਸਨ। ਗੱਲਬਾਤ ਵਿੱਚ ਪਰਨਾਸ ਡੇਮੋਕਰੇਟ ਪਾਰਟੀ ਤੋਂ ਅਮਰੀਕੀ ਰਾਸ਼ਟਰਪਤੀ ਦੀ ਉਮੀਦਵਾਰੀ ਦੀ ਦੌੜ ਵਿੱਚ ਸਭ ਤੋਂ ਅੱਗੇ ਦੱਸੇ ਜਾਂਦੇ ਜੋਅ ਬਿਡੇਨ ਤੇ ਉਨ੍ਹਾਂ ਦੇ ਪੁੱਤਰ ਹੰਟਰ ਦੇ ਖਿਲਾਫ਼ ਯੂਕਰੇਨ ਵਿੱਚ ਭ੍ਰਿਸ਼ਟਾਚਾਰ ਕਰਨ ਦਾ ਬੇਬੁਨਿਆਦ ਦੋਸ਼ ਲਾ ਰਹੇ ਹਨ। ਦਸਤਾਵੇਜ਼ਾਂ ਵਿੱਚ ਪਿਛਲੇ ਸਾਲ 10 ਮਈ ਨੂੰ ਗੁਲੀਆਨੀ ਵੱਲੋਂ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜੇਲੈਂਸਕੀ ਨੂੰ ਲਿਖਿਆ ਪੱਤਰ ਵੀ ਸ਼ਾਮਲ ਹੈ। ਜੇਲੈਂਸਕੀ ਦੇ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਦੇ ਪੱਤਰ ਮੁਤਾਬਕ ਗੁਲੀਆਨੀ ਨੇ ਡੋਨਾਲਡ ਟਰੰਪ ਦੇ ਨਿੱਜੀ ਵਕੀਲ ਵਜੋਂ ਜੇਲੈਂਸਕੀ ਨਾਲ ਬੈਠਕ ਦੀ ਅਪੀਲ ਕੀਤੀ ਹੈ ਅਤੇ ਇਹ ਵੀ ਕਿਹਾ ਕਿ ਡੋਨਾਲਡ ਟਰੰਪ ਦੀ ਜਾਣਕਾਰੀ ਅਤੇ ਸਹਿਮਤੀ ਉੱਤੇ ਹੋ ਰਹੀ ਇਸ ਬੈਠਕ ਵਿੱਚ ਅਮਰੀਕੀ ਵਕੀਲ ਵਿਕਟੋਰੀਆ ਟਾਰਿੰਗ ਤੇ ਡੋਨਾਲਡ ਟਰੰਪ ਦੇ ਸਹਿਯੋਗੀ ਵੀ ਸ਼ਾਮਲ ਹੋਣਗੇ।

ਇਨ੍ਹਾਂ ਦਸਤਾਵੇਜ਼ਾਂ ਵਿੱਚ ਵਿਏਨਾ ਦੇ ਰਿਟਜ਼-ਕਾਰਲਟਨ ਹੋਟਲ ਤੋਂ ਲਿਖਿਆ ਗਿਆ ਇਕ ਹੱਥ ਲਿਖਤ ਪੱਤਰ ਵੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਜੇਲੈਂਸਕੀ ਇਸ ਗੱਲ ਦਾ ਐਲਾਨ ਕਰਨ ਕਿ ਜੋਅ ਬਿਡੇਨ ਕੇਸ ਦੀ ਜਾਂਚ ਕਰਵਾਈ ਜਾਵੇਗੀ। ਡੈਮੋਕਰੇਟ ਮੈਂਬਰਾਂ ਦਾ ਦੋਸ਼ ਹੈ ਕਿ ਡੋਨਾਲਡ ਟਰੰਪ ਨੇ ਪਿਛਲੇ ਜੁਲਾਈ ਵਿੱਚ ਆਪਣੇ ਸਿਆਸੀ ਵਿਰੋਧੀ ਬਿਡੇਨ ਤੇ ਉਨ੍ਹਾਂ ਦੇ ਬੇਟੇ ਦੇ ਖ਼ਿਲਾਫ਼ ਜਾਂਚ ਸ਼ੁਰੂ ਕਰਨ ਲਈ ਯੂਕਰੇਨ ਉੱਤੇ ਦਬਾਅ ਪਾਇਆ ਸੀ। ਹੰਟਰ ਯੂਕਰੇਨ ਦੀ ਇਕ ਗੈਸ ਕੰਪਨੀ ਦੇ ਡਾਇਰੈਕਟਰ ਮੰਡਲ ਵਿੱਚ ਸਨ। ਡੇਮੋਕਰੇਟਾਂ ਦਾ ਕਹਿਣਾ ਹੈ ਕਿ ਪਰਨਾਸ ਦੇ ਵਕੀਲ ਨੇ ਇਹ ਪੁਸ਼ਟੀ ਕੀਤੀ ਹੈ ਕਿ ਇਹ ਪੱਤਰ ਉਨ੍ਹਾਂ ਨੇ ਹੀ ਲਿਖਿਆ ਹੈ। ਪਰਨਾਸ ਅਤੇ ਉਨ੍ਹਾਂ ਦੇ ਵਪਾਰਕ ਭਾਈਵਾਲ ਇਗੋਰ ਫਰੂਮੈਨ ਨੂੰ ਪਿਛਲੇ ਸਾਲ ਸਾਜ਼ਿਸ਼, ਝੂਠੇ ਬਿਆਨ ਤੇ ਫਰਜ਼ੀ ਰਿਕਾਰਡ ਬਣਾਉਣ ਦੇ ਦੋਸ਼ਾਂ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ।



UK TRUCK TRAINING CENTRE
ukttc
PCC #179958
Registered as a Private Careers College
We help in Written Test & in Finding Jobs
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
NEW LOCATION !!!
225 Sheldon Dr
Unit 18, Cambridge
Call Jitpal Singh Deol
647-204-1936
Kuldip Singh Grewal
647.894.8590
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Gurjot Singh Grewal
437.224.8500

We Provide services:
• Corporation Registration
• Corporation Tax Returns
• Personal Tax Retrurns
• Accounting • Book - Keeping
• H.S.T • WSIB • T4 • E-File
• Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਕਾਂਗਰਸ ਪ੍ਰਧਾਨ ਸੁਨੀਲ ਜਾਖੜ ਪੰਜਾਬ ਦੇ ਐਡਵੋਕੇਟ ਜਨਰਲ ਨੂੰ ਪੈ ਨਿਕਲੇ

ਚੰਡੀਗੜ੍ਹ, 15 ਜਨਵਰੀ, (ਪੋਸਟ ਬਿਊਰੋ)- ਪਿਛਲੀ ਅਕਾਲੀ-ਭਾਜਪਾ ਸਰਕਾਰ ਦੌਰਾਨ ਬਿਜਲੀ ਕੰਪਨੀਆਂ ਨਾਲ ਕੀਤੇ ਗਏ ਮਹਿੰਗੇ ਅਤੇ ਬੇਤੁਕੇ ਸਮਝੌਤਿਆਂ ਦਾ ਕੇਸ ਸੁਪਰੀਮ ਕੋਰਟ ਵਿੱਚ ਹਾਰਨ ਦਾ ਗੁੱਸਾ ਅੱਜ ਪੰਜਾਬ ਦੇ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਉੱਤੇ ਏਨੀ ਕੁ ਬੁਰੀ ਤਰ੍ਹਾਂ ਕੱਢਿਆ ਕਿ ਮੀਟਿੰਗ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਚੀਫ਼ ਸੈਕਟਰੀ ਕਰਣ ਅਵਤਾਰ ਸਿੰਘ, ਖਜ਼ਾਨੇ ਬਾਰੇ ਪ੍ਰਿੰਸੀਪਲ ਸੈਕਟਰੀ ਅਨਿਰੁੱਧ ਤਿਵਾੜੀ ਤੱਕ ਸਾਰੇ ਹੱਕੇ-ਬੱਕ ਰਹਿ ਗਏ।

ਵਰਨਣ ਯੋਗ ਹੈ ਕਿ ਸੁਨੀਲ ਜਾਖੜ ਅੱਜ ਵਿਧਾਇਕਾਂ ਨਾਲ ਮੁੱਖ ਮੰਤਰੀ ਅਮਰਿੰਦਰ ਸਿੰਘ ਅਤੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਕੀਤੀ ਪ੍ਰੀ-ਬਜਟ ਮੀਟਿੰਗ ਵਿੱਚ ਸ਼ਾਮਲ ਸਨ। ਦੁਪਹਿਰ ਬਾਅਦ ਜਲੰਧਰ ਤੇ ਕਪੂਰਥਲਾ ਦੇ ਵਿਧਾਇਕਾਂ ਦੀ ਮੀਟਿੰਗ



ਵਿੱਚ ਲਈ ਜਦੋਂ ਸੁਨੀਲ ਜਾਖੜ ਆਏ ਤਾਂ ਐਡਵੋਕੇਟ ਜਨਰਲ ਅਤੁਲ ਨੰਦਾ ਉਨ੍ਹਾਂ ਨੂੰ ਬਾਹਰ ਹੀ ਮਿਲ ਗਏ। ਜਾਖੜ ਮੂੰਹ ਫੇਰ ਕੇ ਜਾਣ ਲੱਗੇ। ਅਤੁਲ ਨੰਦਾ ਨੇ ਆਪ ਬੁਲਾ ਕੇ ਕਿਹਾ ਕਿ ਤੁਸੀਂ ਮੇਰੇ ਨਾਲ ਨਾਰਾਜ਼ ਲੱਗਦੇ ਹੋ। ਇਸ ਉੱਤੇ ਸੁਨੀਲ ਜਾਖੜ ਨੇ ਕਿਹਾ ਕਿ 'ਤੁਹਾਡੇ ਨਾਲ ਥੋੜ੍ਹਾ ਨਾਰਾਜ਼ ਨਹੀਂ ਹਾਂ, ਬਹੁਤ ਜ਼ਿਆਦਾ ਨਾਰਾਜ਼ ਹਾਂ, ਪਰ ਮੈਂ ਗੱਲ ਤੁਹਾਡੇ ਨਾਲ ਨਹੀਂ ਕਰਾਂਗਾ, ਮੁੱਖ ਮੰਤਰੀ ਸਾਹਮਣੇ ਕਰਾਂਗਾ। ਅਸੀਂ ਕਾਂਗਰਸ ਸਰਕਾਰ ਤੁਹਾਡੀ ਦੁਕਾਨ ਖੋਲ੍ਹਣ ਲਈ ਨਹੀਂ ਬਣਾਈ।' ਏਨਾ

*** ਮੁੱਖ ਮੰਤਰੀ ਦੀ ਹਾਜ਼ਰੀ ਵਿੱਚ ਝਾੜ-ਝੰਬ ਕਰ ਦਿੱਤੀ**

ਕਹਿ ਕੇ ਸੁਨੀਲ ਜਾਖੜ ਮੀਟਿੰਗ ਹਾਲ ਵਿੱਚ ਚਲੇ ਗਏ।

ਅਸਲ ਵਿੱਚ ਬਿਜਲੀ ਮੁੱਦੇ ਬਾਰੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਗਵਰਨਰ ਪੰਜਾਬ ਨੂੰ ਮੰਗ-ਪੱਤਰ ਦੇ ਕੇ ਦੋਸ਼ ਲਾਇਆ ਸੀ ਕਿ ਸਰਕਾਰ ਜਾਣ-ਬੁੱਝ ਕੇ ਮਹੱਤਵ ਪੂਰਨ ਕੇਸਾਂ ਨੂੰ ਹਾਰਦੀ ਜਾਂਦੀ ਹੈ, ਜਿਸ ਨਾਲ ਆਮ ਜਨਤਾ ਉੱਤੇ ਕਰੋੜਾਂ ਰੁਪਏ ਦਾ ਬੋਝ ਪੈ ਰਿਹਾ ਹੈ। ਵਿਧਾਇਕਾਂ ਦੀ ਬੈਠਕ ਸ਼ੁਰੂ ਹੋਣ ਤੱਕ ਸੁਨੀਲ ਜਾਖੜ ਸ਼ਾਂਤ ਰਹੇ, ਪਰ ਜਦੋਂ ਕਿਸੇ ਮੁੱਦੇ ਉੱਤੇ ਕਾਨੂੰਨੀ ਰਾਏ ਦੀ ਗੱਲ ਆਈ ਤਾਂ ਭੜਕ ਗਏ। ਉਨ੍ਹਾਂ ਕਿਹਾ: 'ਕਿਸ ਗੱਲ ਦੀ ਕਾਨੂੰਨੀ ਰਾਏ, ਅੱਜ ਤਕ ਕਿੰਨੇ ਕੇਸਾਂ ਵਿਚ ਤੁਹਾਡੀ ਰਾਏ ਲਈ ਗਈ ਤੇ ਉਨ੍ਹਾਂ ਕੇਸਾਂ ਦਾ ਕੀ ਬਣਿਆ? ਕਿੰਨੇ ਕੇਸ ਜਿੱਤੇ ਹਨ?' ਜਾਖੜ ਨੇ ਚੀਫ ਸੈਕਟਰੀ ਤੋਂ ਪੁੱਛਿਆ, 'ਮੈਨੂੰ ਇਹ ਦੱਸੋ ਕਿ ਇਨ੍ਹਾਂ ਨੇ ਅੱਜ ਤਕ ਕਿਹੜੇ-ਕਿਹੜੇ ਕੇਸ ਜਿੱਤੇ ਹਨ, ਸ਼ਾਇਦ ਜਿੱਤੇ ਹੋਏ ਕੇਸਾਂ ਦੀ ਗਿਣਤੀ ਕਰਨੀ ਸੌਖੀ ਹੋਵੇਗੀ, ਕਿਉਂਕਿ ਬਹੁਤੇ ਕੇਸ ਇਨ੍ਹਾਂ ਨੇ ਹਾਰੇ ਹੀ ਹਨ।'

ਪਤਾ ਲੱਗਾ ਹੈ ਕਿ ਖਜ਼ਾਨਾ ਵਿਭਾਗ ਦੇ ਸੈਕਟਰੀ ਅਨਿਰੁੱਧ ਤਿਵਾੜੀ ਕੁਝ ਬੋਲਣ ਲੱਗੇ ਤਾਂ ਸੁਨੀਲ ਜਾਖੜ ਨੇ ਉਨ੍ਹਾਂ ਨੂੰ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿਚ ਐਡਵੋਕੇਟ ਜਨਰਲ ਦਫਤਰ ਉੱਤੇ ਹੋਏ ਖ਼ਰਚ ਦੀ ਡਿਟੇਲ ਮੈਨੂੰ ਦੇ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਇਨ੍ਹਾਂ ਨੇ ਹਰ ਥਾਂ ਸਰਕਾਰ ਦੀ ਬੇਇੱਜ਼ਤੀ ਕਰਵਾਈ ਹੈ। ਬੇਅਦਬੀ ਦੇ ਸੀ ਬੀ ਆਈ ਕੇਸ ਵਿਚ ਅਸੀਂ ਹਾਰ ਗਏ, ਟਰਾਂਸਪੋਰਟ ਪਾਲਿਸੀ ਇਹ ਪਾਸ ਨਹੀਂ ਕਰਵਾ ਸਕੇ। ਵਾਸ਼ਿੰਗ ਕੋਲ ਦਾ ਕੇਸ ਹਾਰ ਗਏ, ਕਰੋੜਾਂ ਰੁਪਏ ਲੋਕਾਂ ਸਿਰ ਪੈ ਗਏ, ਜਵਾਬਦੇਹੀ ਕਿਸ ਦੀ ਹੈ? ਸਾਨੂੰ ਜਵਾਬ ਦੇਣਾ ਪਵੇਗਾ। ਜਾਣਕਾਰ ਦੱਸਦੇ ਹਨ ਕਿ ਇਸ ਦੌਰਾਨੇ ਕੈਪਟਨ ਅਮਰਿੰਦਰ ਸਿੰਘ ਇਕ ਸ਼ਬਦ ਵੀ ਨਹੀਂ ਬੋਲੇ, ਪਰ ਉਹ ਸਪੱਸ਼ਟ ਪਰੇਸ਼ਾਨ ਦਿੱਸਦੇ ਰਹੇ।

# ਮੋਦੀ ਸਰਕਾਰ ਦਾ ਫੈਸਲਾ: ਚੁਰਾਸੀ ਕਤਲੇਆਮ ਬਾਰੇ ਐੱਸ ਆਈ ਟੀ ਰਿਪੋਰਟ ਉੱਤੇ ਕਾਰਵਾਈ ਹੋਵੇਗੀ

ਨਵੀਂ ਦਿੱਲੀ, 15 ਜਨਵਰੀ, (ਪੋਸਟ ਬਿਊਰੋ)- ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਦਿੱਲੀ ਵਿੱਚ ਹੋਏ ਸਿੱਖ ਕਤਲੇਆਮ ਬਾਰੇ ਅੱਜ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੀ ਰਿਪੋਰਟ ਮੁਤਾਬਕ ਲਾਪਰਵਾਹੀ ਵਰਤਣ ਦੇ ਦੋਸ਼ੀ ਪੁਲਿਸ ਅਫਸਰਾਂ ਉੱਤੇ ਕਾਰਵਾਈ ਹੋਏਗੀ।

ਮਿਲੀ ਜਾਣਕਾਰੀ ਅਨੁਸਾਰ ਅੱਜ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਕਿਹਾ, 'ਅਸੀਂ ਹਾਈ ਕੋਰਟ ਦੇ ਇੱਕ ਸਾਬਕਾ ਜੱਜ ਐੱਸ ਐੱਨ ਢੀਂਗਰਾ ਦੀ ਅਗਵਾਈ ਵਾਲੀ ਐੱਸ ਆਈ ਟੀ ਦੀ ਰਿਪੋਰਟ ਮਨਜ਼ੂਰ ਕਰ ਲਈ ਹੈ ਤੇ ਉਸ ਦੇ ਆਧਾਰ ਉੱਤੇ

*** ਦੋਸ਼ੀ ਪੁਲਿਸ ਅਫਸਰ ਵੀ ਲਪੇਟੇ ਜਾਣ ਲੱਗੇ**

ਕਾਰਵਾਈ ਕੀਤੀ ਜਾਵੇਗੀ, ਜਿਸ ਦੇ ਮੁਤਾਬਕ ਲਾਪਰਵਾਹੀ ਆਦਿ ਦੇ ਦੋਸ਼ੀ ਮੰਨੇ ਗਏ ਪੁਲਿਸ ਵਾਲਿਆਂ ਦੇ ਵਿਰੁੱਧ ਵੀ ਕਾਰਵਾਈ ਹੋਵੇਗੀ।' ਸਾਲ 1984 ਦੇ ਉਸ ਕਤਲੇਆਮ ਦੇ 186 ਕੇਸਾਂ ਦੀ ਘੋਖ ਕਰਨ ਪਿੱਛੋਂ ਐੱਸ ਆਈ ਟੀ ਨੇ ਰਿਪੋਰਟ ਦਿੱਤੀ ਹੈ ਕਿ ਬਹੁਤੇ ਮਾਮਲਿਆਂ ਵਿੱਚ ਹੇਠਲੀ ਅਦਾਲਤ ਤੋਂ ਕੇਸ ਰੱਦ ਹੋਣ ਤੋਂ ਬਾਅਦ ਅਪੀਲ ਦਾਇਰ ਨਹੀਂ ਕੀਤੀ ਗਈ, ਜਿਸ ਬਾਰੇ ਜਾਂਚ ਅਧਿਕਾਰੀਆਂ ਦੀ ਭੂਮਿਕਾ ਸ਼ੱਕੀ ਹੈ। ਕੋਰਟ ਨੇ ਪਟੀਸ਼ਨ ਕਰਤਿਆਂ ਨੂੰ ਇਸ ਦੀ ਇਜਾਜ਼ਤ ਦੇ ਦਿੱਤੀ ਹੈ ਕਿ ਉਹ ਬੰਦ ਹੋ ਚੁੱਕੇ ਕੇਸਾਂ



ਦੀ ਅਪੀਲ ਲਈ ਪੁਲਿਸ ਨੂੰ ਕਹਿ ਸਕਦੇ ਹਨ।

ਵਰਨਣ ਯੋਗ ਹੈ ਕਿ ਇਸ ਬਾਰੇ ਸੁਪਰੀਮ ਕੋਰਟ ਨੇ ਐੱਸ ਆਈ ਟੀ ਬਣਾਈ ਸੀ। ਪੁਲਿਸ ਤੇ ਜਾਂਚ ਏਜੰਸੀਆਂ ਨੇ ਕੁੱਲ 184 ਕੇਸਾਂ ਨੂੰ ਬੰਦ ਕਰ ਦਿੱਤਾ ਤਾਂ ਕੁਝ ਪੀੜਤਾਂ ਨੇ ਅਰਜ਼ੀ ਦਾਇਰ ਕਰ ਕੇ ਕਿਹਾ ਸੀ ਕਿ ਇਨ੍ਹਾਂ ਕੇਸਾਂ ਨੂੰ ਸਬੂਤ ਅਤੇ ਤੱਤ ਦੇਖੇ ਬਿਨਾਂ ਬੰਦ ਕੀਤਾ ਗਿਆ ਹੈ। ਨਾਲ ਇਹ ਵੀ ਦੋਸ਼ ਲਾਇਆ ਸੀ ਕਿ ਪੁਲਿਸ ਤੇ ਜਾਂਚ ਏਜੰਸੀਆਂ ਨੇ ਸਹੀ ਢੰਗ ਨਾਲ ਬਿਆਨ ਦਰਜ ਨਹੀਂ ਸਨ ਕੀਤੇ।

# ਸ਼ਿਵ ਸੈਨਾ ਵੱਲੋਂ ਦੋਸ਼: ਇੰਦਰਾ ਗਾਂਧੀ ਅੰਡਰਵਰਲਡ ਡਾਨ ਕਰੀਮ ਲਾਲਾ ਨੂੰ ਮਿਲੀ ਸੀ

ਨਵੀਂ ਦਿੱਲੀ, 15 ਜਨਵਰੀ, (ਪੋਸਟ ਬਿਊਰੋ)- ਮਹਾਰਾਸ਼ਟਰ ਦੀ ਸਰਕਾਰ ਵਿੱਚ ਕਾਂਗਰਸ ਦੀ ਭਾਈਵਾਲ ਸ਼ਿਵ ਸੈਨਾ ਦੇ ਆਗੂ ਸੰਜੇ ਰਾਓਤ ਨੇ ਅੱਜ ਕਾਂਗਰਸ ਲਈ ਮੁਸ਼ਕਲ ਸਥਿਤੀ ਪੈਦਾ ਕਰ ਦਿੱਤੀ ਹੈ। ਉਸ ਨੇ ਕਿਹਾ ਹੈ ਕਿ ਇੰਦਰਾ ਗਾਂਧੀ ਆਪਣੇ ਵਕਤ ਦੇ ਅੰਡਰ ਵਰਲਡ ਡਾਨ ਕਰੀਮ ਲਾਲ ਨੂੰ ਵੀ ਮਿਲੀ ਸੀ।

ਵਰਨਣ ਯੋਗ ਹੈ ਕਿ ਸਾਲ 1980 ਦੇ ਦਹਾਕੇ ਵਿੱਚ ਮੁੰਬਈ ਵਿੱਚ ਖਾਸ ਕਰ ਕੇ ਅਤੇ ਸਮੁੱਚੇ ਭਾਰਤ ਵਿੱਚ ਲੋਕ ਅੰਡਰ ਵਰਲਡ ਡਾਨ ਹਾਜੀ ਮਸਤਾਨ ਅਤੇ ਕਰੀਮ ਲਾਲਾ ਦੀਆਂ ਖਬਰਾਂ ਨੂੰ ਪੜ੍ਹਦੇ ਹੁੰਦੇ ਸਨ। ਕਿਹਾ ਜਾਂਦਾ ਹੈ ਕਿ ਮੁੰਬਈ ਵਿੱਚ ਸੰਗਠਿਤ ਅਪਰਾਧਾਂ



ਦੇ ਪਿੱਛੇ ਇਨ੍ਹਾਂ ਦੋਵਾਂ ਦਾ ਦਿਮਾਗ ਸੀ ਤੇ ਸਿਆਸੀ ਦਲਾਂ ਨਾਲ ਇਨ੍ਹਾਂ ਦੀ ਸਾਂਝ ਦੀਆਂ ਖਬਰਾਂ ਵੀ ਆਉਂਦੀਆਂ ਸਨ, ਪਰ ਸਾਰੇ ਨੇਤਾ ਉਸ ਦਾ ਖੰਡਨ ਕਰਦੇ ਸਨ। ਸੋਨੇ ਦੀ ਤਸਕਰੀ ਤੇ ਮੁੰਬਈ ਵਿੱਚ ਵੱਡੇ ਪੱਧਰ ਦੀ ਲੜਾਈ ਵਿੱਚ ਉਸ ਦੌਰ ਵਿੱਚ ਵੱਖ-ਵੱਖ ਗੈਂਗ ਉੱਭਰੇ ਸਨ, ਜਿਹੜੇ ਰਾਜਨੀਤੀ ਨੂੰ ਪ੍ਰਭਾਵਤ ਕਰਦੇ ਸੀ।

ਅੱਜ ਸ਼ਿਵ ਸੈਨਾ ਆਗੂ ਸੰਜੇ ਰਾਊਤ ਨੇ ਇੰਦਰਾ ਗਾਂਧੀ ਤੇ ਕਰੀਮ ਲਾਲਾ ਦੇ ਮਿਲਣ ਦਾ ਜ਼ਿਕਰ ਕਰ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ। ਉਸ ਦਾ ਕਹਿਣਾ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਅੰਡਰ ਵਰਲਡ ਡਾਨ ਕਰੀਮ ਲਾਲਾ ਨਾਲ ਬੈਠਕ ਵੀ ਕੀਤੀ ਸੀ। ਸੰਜੇ ਰਾਉਤ ਨੇ ਕਿਹਾ ਕਿ 60 ਦੇ ਦਹਾਕੇ ਵਿੱਚ ਮੁੰਬਈ ਵਿੱਚ ਤਿੰਨ ਜਣਿਆਂ ਕਰੀਮ ਲਾਲਾ, ਹਾਜੀ ਮਸਤਾਨ ਤੇ ਵਰਦਰਾਜਨ ਮੁਦਲਿਆਰ ਦੀ ਦਹਿਸ਼ਤ ਹੁੰਦੀ ਸੀ। ਉਨ੍ਹਾਂ ਦੱਸਿਆ ਕਿ ਮੁੰਬਈ ਦਾ ਪੁਲਸ ਮੁਖੀ ਕੌਣ ਹੋਵੇਗਾ ਅਤੇ ਮਹਾਰਾਸ਼ਟਰ ਸਰਕਾਰ ਵਿੱਚ ਕੌਣ ਲੋਕ ਸ਼ਾਮਲ ਹੋਣਗੇ, ਇਸ ਦਾ ਫੈਸਲਾ ਇਹ ਤਿੰਨੇ ਕਰਦੇ ਸਨ ਅਤੇ ਉਸ ਦੌਰ ਵਿੱਚ ਇੰਦਰਾ ਗਾਂਧੀ ਨੇ ਕਰੀਮ ਲਾਲਾ ਨਾਲ ਮੁਲਾਕਾਤ ਕੀਤੀ ਸੀ।

# ਮੌੜ ਮੰਡੀ ਬੰਬ ਧਮਾਕਾ: ਕਾਰ ਵਿੱਚ ਬੰਬ ਫਿੱਟ ਕਰਨ ਵਾਲਾ ਅਵਤਾਰ ਸਿੰਘ ਤਾਂ ਡੇਰਾ ਮੁਖੀ ਦਾ ਕਰੀਬੀ ਨਿਕਲਿਆ

ਬਠਿੰਡਾ, 15 ਜਨਵਰੀ, (ਪੋਸਟ ਬਿਊਰੋ)- ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਮੌੜ ਮੰਡੀ ਵਿੱਚ ਹੋਏ ਬੰਬ ਧਮਾਕੇ ਦੇ ਕੇਸ ਵਿੱਚ ਨਵੇਂ ਭੇਦ ਖੁੱਲ੍ਹੇ ਹਨ ਤੇ ਹਰਿਆਣਾ ਦੇ ਕੁਰੂਕਸ਼ੇਤਰ ਜ਼ਿਲ੍ਹੇ ਦੇ ਪਿੰਡ ਭੈਂਸੀ ਮਾਜਰਾ ਦਾ ਅਵਤਾਰ ਸਿੰਘ, ਜਿਹੜਾ ਲੰਬੇ ਸਮੇਂ ਤੋਂ ਡੇਰਾ ਪ੍ਰੇਮੀ ਹੈ, ਕਾਫੀ ਚਿਰ ਤੋਂ ਡੇਰੇ ਵਿਚ ਰਹਿੰਦਾ ਹੈ ਤੇ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੇ ਕਰੀਬੀਆਂ ਵਿੱਚ ਸ਼ਾਮਲ ਹੈ, ਉਹ ਪੁਆੜੇ ਦੀ ਜੜ੍ਹ ਨਿਕਲਿਆ ਹੈ। ਉਸ ਉੱਤੇ ਦੋਸ਼ ਹੈ ਕਿ ਮੌੜ ਮੰਡੀ ਬੰਬ ਧਮਾਕੇ ਵਿੱਚ ਵਰਤੀ ਗਈ ਕਾਰ ਵਿਚ ਬੰਬ ਉਸ ਨੇ ਲਾਇਆ ਸੀ।



ਇਸ ਸੰਬੰਧ ਵਿੱਚ ਮੌੜ ਬੰਬ ਧਮਾਕੇ ਦੇ ਪੀੜਤ ਲੋਕਾਂ ਨੇ ਦੋਸ਼ ਲਾਇਆ ਹੈ ਕਿ ਅਵਤਾਰ ਸਿੰਘ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੇ ਨੇੜੂਆਂ ਵਿੱਚੋਂ ਹੈ ਅਤੇ ਇਸ ਧਮਾਕੇ ਵਿੱਚ ਡੇਰਾ ਸਿਰਸਾ ਦੇ ਬੰਦੇ ਸ਼ਾਮਲ ਸਨ, ਕਿਉਂਕਿ ਡੇਰੇ ਵਾਲੀ ਵੀ ਆਈ ਪੀ ਵਰਕਸ਼ਾਪ ਵਿੱਚ ਬੰਬ ਵਾਲੀ ਕਾਰ ਨੂੰ ਨਵੀਂ ਸ਼ਕਲ ਦਿੱਤੀ ਗਈ ਅਤੇ ਅਵਤਾਰ ਸਿੰਘ ਨੇ ਕਾਰ ਵਿੱਚ ਬੰਬ ਫਿੱਟ ਕੀਤਾ ਸੀ। ਪੀੜਤਾਂ ਨੇ ਡੇਰਾ ਮੁਖੀ ਨਾਲ ਕੰਮ ਕਰ ਰਹੇ ਅਵਤਾਰ ਸਿੰਘ ਦੇ ਕੁਝ ਫੋਟੋ ਵਿਖਾਏ ਹਨ। ਮੌੜ ਮੰਡੀ ਧਮਾਕੇ ਦੀ ਜਾਂਚ ਲਈ ਪੰਜਾਬ ਸਰਕਾਰ ਨੇ ਦੋ ਸਾਲ ਪਹਿਲਾਂ ਡੀ ਆਈ ਜੀ ਰਣਬੀਰ ਸਿੰਘ ਖੱਟੜਾ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ ਬਣਾਈ ਸੀ, ਜਿਸ ਨੇ ਧਮਾਕੇ ਵਿੱਚ ਵਰਤੀ ਗਈ ਮਾਰੂਤੀ ਕਾਰ ਬਣਾਉਣ ਦੀ ਮਦਦ ਕਰ ਚੁੱਕੇ ਗਵਾਹ ਪੂਰੀ ਜਾਂਚ ਤੋਂ ਬਾਅਦ ਫਰਵਰੀ 2018 ਵਿੱਚ ਤਲਵੰਡੀ ਸਾਬੋ ਅਦਾਲਤ ਵਿੱਚ ਪੇਸ਼ ਕੀਤੇ ਸਨ ਤੇ ਇਨ੍ਹਾਂ ਨੇ ਕੋਰਟ ਵਿੱਚ ਪੇਸ਼ ਹੋ ਕੇ ਧਾਰਾ 164 ਸੀ ਆਰ ਪੀ ਸੀ ਹੇਠ ਬਿਆਨ ਲਿਖਵਾਏ ਸਨ। ਗਵਾਹਾਂ ਨੇ ਕਿਹਾ ਸੀ ਕਿ ਡੇਰਾ ਸੱਚਾ ਸੌਦਾ ਸਿਰਸਾ ਦੀ ਵੀ ਆਈ ਪੀ ਵਰਕਸ਼ਾਪ ਦੇ ਮੁਖੀ ਗੁਰਤੇਜ ਕਾਲਾ ਦੇ ਕਹਿਣ ਉੱਤੇ ਉਨ੍ਹਾਂ ਇਹ ਕਾਰ ਤਿਆਰ ਕੀਤੀ ਤੇ ਕਾਰ ਵਿੱਚ ਬੰਬ ਕੁਰੂਕਸ਼ੇਤਰ ਦੇ ਪਿੰਡ ਭੈਂਸੀ ਮਾਜਰਾ ਦੇ ਅਵਤਾਰ ਸਿੰਘ ਨੇ ਲਾਇਆ ਸੀ। ਕੋਰਟ ਦੇ ਕਹੇ ਉੱਤੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਨੇ ਬੀਤੀ 25 ਅਕਤੂਬਰ ਨੂੰ ਇਸ ਦੀ ਜਾਂਚ ਲਈ ਡੀ ਜੀ ਪੀ (ਲਾਅ ਐਂਡ ਆਰਡਰ) ਈਸ਼ਵਰ ਸਿੰਘ ਦੀ ਅਗਵਾਈ ਹੇਠ ਨਵੀਂ ਐੱਸ ਆਈ ਟੀ ਬਣਾ ਦਿੱਤੀ ਸੀ, ਜਿਹੜੀ ਨਵੇਂ ਸਿਰਿਓਂ ਜਾਂਚ ਕਰ ਰਹੀ ਹੈ।

ਪਿਛਲੀਆਂ ਵਿਧਾਨ ਸਭਾ ਚੋਣਾਂ ਵੇਲੇ 31 ਜਨਵਰੀ 2017 ਨੂੰ ਮੌੜ ਮੰਡੀ ਵਿੱਚ ਕਾਂਗਰਸ ਦੇ ਉਮੀਦਵਾਰ ਤੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੇ ਕੁੜਮ ਹਰਮੰਦਰ ਸਿੰਘ ਜੱਸੀ ਦੀ ਚੋਣ ਰੈਲੀ ਵਿੱਚ ਹੋਏ ਧਮਾਕੇ ਵਿੱਚ ਪੰਜ ਬੱਚਿਆਂ ਸਮੇਤ ਸੱਤ ਲੋਕਾਂ ਦੀ ਮੌਤ ਹੋ ਗਈ ਸੀ।

# ਰਾਜਸਥਾਨ ਵਿੱਚ ਟਿੱਡੀ ਦਲ ਦਾ ਹਮਲਾ ਹੋਣ ਪਿੱਛੋਂ ਪੰਜਾਬ ਵਿੱਚ ਅਲਰਟ ਜਾਰੀ

ਫਾਜ਼ਿਲਕਾ, 15 ਜਨਵਰੀ (ਪੋਸਟ ਬਿਊਰੋ)- ਰਾਜਸਥਾਨ ਦੇ ਪੰਜਾਬ ਨਾਲ ਦੇ ਅਨੂਪਗੜ੍ਹ ਤੇ ਹੋਰ ਜ਼ਿਲਿਆਂ ਵਿੱਚ ਟਿੱਡੀ ਦਲ ਦਾ ਹਮਲਾ ਸੁਣਿਆ ਗਿਆ ਹੈ, ਜਿਸ ਕਾਰਨ ਪੰਜਾਬ ਵਿੱਚ ਵੀ ਇਸ ਦਾ ਅਲਰਟ ਜਾਰੀ ਕੀਤਾ ਗਿਆ ਹੈ।

ਪੰਜਾਬ ਖੇਤੀਬਾੜੀ ਵਿਭਾਗ ਨੇ ਫਾਜ਼ਿਲਕਾ, ਫਿਰੋਜ਼ਪੁਰ, ਤਰਨ ਤਾਰਨ, ਮੁਕਤਸਰ ਸਾਹਿਬ ਅਤੇ ਬਠਿੰਡਾ ਦੀ ਟੀਮ ਨੂੰ ਅਲਰਟ ਰਹਿਣ ਦੇ ਹੁਕਮ ਜਾਰੀ ਕੀਤੇ ਹਨ ਅਤੇ ਕਿਸਾਨਾਂ ਦੀ ਜ਼ਮੀਨ ਦਾ ਮੁਆਇਨਾ ਕਰ ਕੇ ਰੋਜ਼ ਰਿਪੋਰਟ ਭੇਜਣ ਦੀ ਹਦਾਇਤ ਕੀਤੀ ਹੈ। ਇਸ ਤੋਂ ਇਲਾਵਾ ਵੱਧ ਤੋਂ ਵੱਧ ਕੈਂਪ ਲਾਉਣ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਇਸ ਵਾਰ ਟਿੱਡੀ ਭੂਰੇ ਰੰਗ ਦਾ ਕੀੜਾ ਹੈ, ਜੋ ਹਰੀਆਂ ਥਾਵਾਂ ਉੱਤੇ ਬੈਠਦਾ ਹੈ। ਟਿੱਡੀਆਂ ਆਪਣੇ ਟਿਕਣ ਟਿਕਾਣੇ ਅਜਿਹੀ ਥਾਂ ਬਣਾ ਰਹੀਆਂ ਹਨ, ਜਿਥੇ ਵਾਤਾਵਰਨ ਸੰਤੁਲਿਤ ਨਹੀਂ ਹੁੰਦਾ। ਅਜਿਹੀ ਥਾਂ ਕਾਫੀ ਘੱਟ ਹੁੰਦੀ ਹੈ। ਰਾਜਸਥਾਨ ਵਿੱਚ ਕੁਝ ਖੇਤਰਾਂ ਵਿੱਚ ਟਿੱਡੀਆਂ ਦਾ ਕਹਿਰ ਦੇਖਣ ਨੂੰ ਮਿਲਿਆ ਹੈ। ਫਜ਼ਿਲਕਾ ਜ਼ਿਲ੍ਹੇ ਦੇ ਪਿੰਡ ਰਾਮਕੋਟ ਦੇ ਕਿਸਾਨਾਂ ਨੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਦੇਸ਼ ਤੇ ਖ਼ਾਸ ਕਰ ਕੇ ਪੰਜਾਬ ਵਿਚ ਟਿੱਡੀ ਦਲ ਨਹੀਂ ਆਇਆ, ਪਰ ਇਸ ਵਾਰ ਰਾਜਸਥਾਨ ਦੇ ਸਰਹੱਦੀ ਖੇਤਰਾਂ ਵਿੱਚ ਟਿੱਡੀਆਂ ਦਿਖਾਈ ਦੇਣ ਦੇ ਨਾਲ ਕਈ ਇਲਾਕਿਆਂ ਨੂੰ ਅਲਰਟ ਰਹਿਣ ਨੂੰ ਕਿਹਾ ਗਿਆ ਹੈ। ਇਹ ਟਿੱਡੀ ਜਿਸ ਵੀ ਫ਼ਸਲ ਉੱਤੇ ਬੈਠ ਜਾਏ, ਉਸ ਫ਼ਸਲ ਨੂੰ ਪੂਰੀ ਤਰ੍ਹਾਂ ਨਸ਼ਟ ਕਰਨ ਮਗਰੋਂ ਅੱਗੇ ਜਾਂਦੀ ਹੈ। ਭਾਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਨੇ ਕਿਹਾ ਕਿ ਕਿਸਾਨ ਪਹਿਲਾਂ ਹੀ ਪਰੇਸ਼ਾਨ ਹਨ, ਉੱਪਰੋਂ ਟਿੱਡੀਆਂ ਦਾ ਹਮਲਾ ਹੁੰਦਾ ਹੈ ਤਾਂ ਉਨ੍ਹਾਂ ਦੀ ਸਮੱਸਿਆ ਵਧ ਸਕਦੀ ਹੈ। ਉਨ੍ਹਾਂ ਕਿਹਾ ਕਿ ਟਿੱਡੀ ਅਜਿਹਾ ਕੀੜਾ ਹੈ, ਜਿਸ ਦਾ ਅਜੇ ਤਕ ਹੱਲ ਨਹੀਂ ਨਿਕਲ ਸਕਿਆ। ਉਹ ਜੇ ਰਾਤ ਸਮੇਂ ਕਿਸੇ ਖੇਤ ਉੱਤੇ ਬੈਠ ਜਾਏ ਤਾਂ ਸਵੇਰ ਤਕ ਖੇਤ ਨੂੰ ਸਾਫ਼ ਕਰ ਦਿੰਦੀ ਹੈ। ਫਿਲਹਾਲ ਇਸ ਖੇਤਰ ਵਿਚ ਟਿੱਡੀਆਂ ਦੀ ਬਹੁਤੀ ਹਲਚਲ ਨਹੀਂ ਹੈ, ਫਿਰ ਵੀ ਸਰਕਾਰ ਇਸ ਦੇ ਹਮਲੇ ਤੋਂ ਪਹਿਲਾਂ ਇਸ ਦਾ ਹੱਲ ਕੱਢੇ। ਬਲਾਕ ਖੇਤੀ ਅਧਿਕਾਰੀ ਸਵਰਨ ਸਿੰਘ ਨੇ ਕਿਹਾ ਕਿ ਫੀਲਡ ਸਟਾਫ ਦੀ ਡਿਊਟੀ ਲਾਈ ਹੈ ਕਿ ਪਿੰਡਾਂ ਵਿਚ ਜਾ ਕੇ ਕਿਸਾਨਾਂ ਨੂੰ ਇਸ ਤੋਂ ਜਾਗਰੂਕ ਕਰੇ। ਇਸ ਤੋਂ ਇਲਾਵਾ ਪਿੰਡਾਂ ਵਿਚ ਲਾਊਡ ਸਪੀਕਰ ਤੋਂ ਕਿਸਾਨਾਂ ਨੂੰ ਟਿੱਡੀਆਂ ਦੇ ਹਮਲੇ ਬਾਰੇ ਵਿਭਾਗ ਨੂੰ ਜਾਣਕਾਰੀ ਦੇਣ ਦੇ ਲਈ ਕਹਿ ਦਿੱਤਾ ਗਿਆ ਹੈ ਅਤੇ ਇਸ ਸਮੱਸਿਆ ਨਾਲ ਨਿਪਟਣ ਲਈ ਦਵਾਈਆਂ ਤਿਆਰ ਕੀਤੀਆਂ ਜਾ ਰਹੀਆਂ ਹਨ।










# ਦੋ ਰੋਜ਼ਾ ਵਿਸ਼ਵ ਪੰਜਾਬੀ ਮੀਡੀਆ ਕਾਨਫਰੰਸ ਅੱਜ ਤੋਂ

* ਡਾ. ਸਰਦਾਰਾ ਸਿੰਘ ਜੌਹਲ ਕਰਨਗੇ ਉਦਘਾਟਨ * ਦੋ ਰੋਜ਼ਾ ਕਾਨਫਰੰਸ ਦੌਰਾਨ ਚਾਰ ਸੈਸ਼ਨ ਹੋਣਗੇ




ਜਲੰਧਰ 15 ਜਨਵਰੀ (ਗਿਆਨ ਸਿੰਘ) ਗਲੋਬਲ ਮੀਡੀਆ ਅਕੈਡਮੀ ਦੁਆਰਾ ਪੰਜਵੀਂ ਦੋ ਰੋਜ਼ਾ “ਵਿਸ਼ਵ ਪੰਜਾਬੀ ਮੀਡੀਆ ਕਾਨਫਰੰਸ” ਸੀ.ਟੀ.ਇੰਸਟੀਚਿਊਟ ਜਲੰਧਰ ਵਿਖੇ 16 ਤੇ 17 ਜਨਵਰੀ ਨੂੰ ਕਰਵਾਈ ਜਾ ਰਹੀ ਹੈ।ਕਾਨਫਰੰਸ ਦੇ ਸਬੰਧ ਵਿਚ ਜਾਣਕਾਰੀ ਦਿੰਦਿਆ ਚੇਅਰਮੈਂਨ ਪ੍ਰੋਫੈਸਰ ਕੁਲਬੀਰ ਸਿੰਘ,ਉਪ ਚੇਅਰਮੈਂਨ ਸਤਨਾਮ ਸਿੰਘ ਮਾਨਕ ਅਤੇ ਦੀਪਕ ਬਾਲੀ ਨੇ ਦੱਸਿਆ ਕਿ ਇਸ ਵਾਰ ਛੇ/ਸੱਤ ਮੁਲਕਾਂ ਤੋਂ ਉਘੀਆਂ ਮੀਡੀਆ ਸਖਸ਼ੀਅਤਾਂ ਸਮੂਲੀਅਤ ਲਈ ਪਹੁੰਚ ਰਹੀਆਂ ਹਨ। ਕਾਨਫਰੰਸ ਦਾ ਉਦਘਾਟਨ ਅੰਤਰ ਰਾਸ਼ਟਰੀ ਪ੍ਰਸਿੱਧੀ ਦੇ ਮਾਲਕ ਅਰਥ ਸ਼ਾਸਤਰੀ ਅਤੇ ਕੇਂਦਰੀ ਯੂਨੀਵਰਸਟੀ ਪੰਜਾਬ ਬਠਿੰਡਾ ਦੇ ਚਾਂਸਲਰ ਡਾ. ਸਰਦਾਰਾ ਸਿੰਘ ਜੌਹਲ ਕਰਨਗੇ ।

ਇਸ ਦੋ ਰੋਜ਼ਾ ਕਾਨਫਰੰਸ ਦੌਰਾਨ ਚਾਰ ਸੈਸ਼ਨ ਹੋਣਗੇ। ਜਿਨ੍ਹਾਂ ਵਿਚ ‘ਅਜੋਕੀ ਸਥਿਤੀ ਵਿਚ ਮੀਡੀਆ ਦੀ ਭੂਮਿਕਾ’, ‘ਵਿਦੇਸ਼ਾਂ ਵਿਚ ਪੰਜਾਬੀ ਭਾਈਚਾਰਾ ਸਥਿਤੀ ਤੇ ਸੰਭਾਵਨਾਵਾਂ’ ਵਿਸ਼ਿਆਂ ਤੇ ਪੈਨਲ ਡਿਸਕਸ਼ਨ ਹੋਵੇਗੀ। ਜਿਸ ਵਿਚ ਦਿੱਲੀ, ਚੰਡੀਗੜ੍ਹ,ਪੰਜਾਬ ਅਤੇ ਵੱਖ ਵੱਖ ਦੇਸ਼ਾ ਦੀਆਂ ਉੱਘੀਆਂ ਮੀਡੀਆ ਸਖਸ਼ੀਅਤਾਂ ਹਿੱਸਾ ਲੈ ਰਹੀਆਂ ਹਨ।

ਵਿਸ਼ਵ ਪੰਜਾਬੀ ਮੀਡੀਆ ਕਾਨਫਰੰਸ ਦੇ ਚੇਅਰਮੈਂਨ ਪ੍ਰੋਫੈਸਰ ਕੁਲਬੀਰ ਸਿੰਘ ਨੇ ਕਿਹਾਕਿ ਅਮਰੀਕਾ,ਕੈਨੇਡਾ,ਇੰਗਲੈਂਡ,ਆਸਟ ਰੇਲੀਆ, ਨਿਊਜੀਲੈਂਡ, ਇਟਲੀ, ਹਾਂਗਕਾਂਗ ਆਦਿ ਮੁਲਕਾਂ ਤੋਂ ਬਹੁਤ ਸਾਰੀਆਂ ਸਖਸ਼ੀਅਤਾਂ ਪੰਜਾਬ ਪਹੁੰਚ ਚੁਕੀਆਂ ਹਨ। ਉਨ੍ਹਾਂ ਅਗੇ ਦੱਸਿਆ ਕਿ ਵਿਸ਼ਵ ਪੰਜਾਬੀ ਮੀਡੀਆ ਕਾਨਫਰੰਸ ਵਿਚ ਪੇਸ਼ ਵਿਚਾਰਾਂ ਅਤੇ ਵਿਚਾਰ ਵਟਾਂਦਰੇ ਨੂੰ ਪੁਸਤਕ ਦੇ ਰੂਪ ਵਿਚ ਸਾਂਭਣ ਦੀ ਵੀ ਕੋਸ਼ਿਸ ਕੀਤੀ ਜਾਵੇਗੀ।

# ਸ਼੍ਰੋਮਣੀ ਕਮੇਟੀ ਵੱਲੋਂ 550ਵੇਂ ਪ੍ਰਕਾਸ਼ ਪੁਰਬ ਸਮਰਪਿਤ ਤਾਮਿਲਨਾਡੂ ’ਚ ਗੁਰਮਤਿ ਸਮਾਗਮ

ਭਾਈ ਲੌਂਗੋਵਾਲ ਨੇ ਗੁਰਦੁਆਰਾ ਸਾਹਿਬ ਲਈ 5 ਲੱਖ ਰੁਪਏ ਦਾ ਕੀਤਾ ਐਲਾਨ



ਗੁਰਦੁਆਰਾ ਗੁਰੂ ਨਾਨਕ ਧਾਮ ਰਮੇਸ਼ਵਰਮ ਤਾਮਿਲਨਾਡੂ ਵਿਖੇ ਗੁਰਮਤਿ ਸਮਾਗਮ ਮੌਕੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਲੌਂਗੋਵਾਲ ਅਤੇ ਹੋਰ।

ਅੰਮ੍ਰਿਤਸਰ, 15 ਜਨਵਰੀ (ਗਿਆਨ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਤਾਮਿਲਨਾਡੂ ਵਿਖੇ ਇਕ ਵਿਸ਼ੇਸ਼ ਗੁਰ-ਮਤਿ ਸਮਾਗਮ ਕਰਵਾਇਆ ਗਿਆ। ਗੁਰਦੁਆਰਾ ਗੁਰੂ ਨਾਨਕ ਧਾਮ ਰਾਮੇਸ਼ਵਰਮ ’ਚ ਹੋਏ ਇਸ ਗੁਰਮਤਿ ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਸਮੇਤ ਸਿੱਖ ਕੌਮ ਦੀਆਂ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਗੁਰਦੁਆਰਾ ਗੁਰੂ ਨਾਨਕ ਧਾਮ ਰਾਮੇਸ਼ਵਰਮ (ਤਾਮਿਲਨਾਡੂ) ਪਹਿਲੇ ਪਾਤਸ਼ਾਹ ਜੀ ਨਾਲ ਸਬੰਧਤ ਇਤਿਹਾਸਕ ਅਸਥਾਨ ਹੈ, ਜਿਥੇ ਗੁਰੂ ਸਾਹਿਬ ਆਪਣੀ ਦੂਸਰੀ ਉਦਾਸੀ ਦੌਰਾਨ ਗਏ ਸਨ। ਇਸ ਇਤਿਹਾਸਕ ਅਸਥਾਨ ’ਤੇ ਕਰਵਾਏ ਗਏ ਗੁਰਮਤਿ ਸਮਾਗਮ ਦੌਰਾਨ ਚੇਨਈ, ਤਿਰਚੀ, ਮਦੁਰਾਈ, ਬੰਗਲੌਰ, ਕੋਇਮਬਤੂਰ, ਬਿਜਨੌਰ ਆਦਿ ਥਾਵਾਂ ਤੋਂ ਵੱਡੀ ਗਿਣਤੀ ਸੰਗਤ ਨੇ ਹਾਜ਼ਰੀ ਭਰੀ।

ਸਮਾਗਮ ਸਮੇਂ ਸੰਗਤ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਗੁਰਦੁਆਰਾ ਸਾਹਿਬ ਲਈ 5 ਲੱਖ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਥੇ ਗੁਰਮਤਿ ਸਮਾਗਮ ਕਰਨ ਦਾ ਮੰਤਵ ਜਿਥੇ ਪਹਿਲੇ ਪਾਤਸ਼ਾਹ ਜੀ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਨਾ ਹੈ, ਉਥੇ ਹੀ ਤਾਮਿਲਨਾਡੂ ਅਤੇ ਨਾਲ ਲਗਦੇ ਇਲਾਕਿਆਂ ਵਿਚ ਵੱਸਦੇ ਸਿੱਖਾਂ ਨਾਲ ਮੇਲ-ਜੋਲ ਨੂੰ ਵਧਾਉਣਾ ਵੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਅਗਲੇ ਸਮਿਆਂ ਅੰਦਰ ਵੀ ਕਰਵਾਏ ਜਾਣਗੇ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਗੁਰੂ ਸਾਹਿਬ ਦੇ ਇਸ ਇਤਿਹਾਸਕ ਅਸਥਾਨ ਵਿਖੇ ਵੱਡੀ ਪੱਧਰ ’ਤੇ ਸੰਗਤ ਜੁੜਨੀ ਆਪਣੇ ਆਪ ਵਿਚ ਇਤਿਹਾਸਕ ਗੱਲ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਪ੍ਰਚਾਰ ਯਾਤਰਾਵਾਂ ਦੌਰਾਨ ਦੇਸ਼ ਦੁਨੀਆਂ ਦੇ ਕਈ ਹਿੱਸਿਆਂ ਵਿਚ ਆਪਣੇ ਮੁਬਾਰਕ ਚਰਨ ਪਾਏ ਹਨ, ਜਿਨ੍ਹਾਂ ਵਿਚੋਂ ਰਮੇਸ਼ਵਰਮ ਵੀ ਇਕ ਹੈ। ਉਨ੍ਹਾਂ ਸਿੱਖ ਸੰਗਤ ਨੂੰ ਸਿੱਖ ਕੌਮ ਦੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿਚ ਇਕਜੁਟ ਰਹਿਣ ਦੀ ਅਪੀਲ ਕੀਤੀ ਅਤੇ ਵਿਸ਼ਵਾਸ ਦਿਵਾਇਆ ਕਿ ਸਿੱਖ ਕੌਮ ਹਮੇਸ਼ਾ ਦੇਸ਼ ਦੁਨੀਆ ’ਚ ਵੱਸਦੇ ਸਿੱਖਾਂ ਨਾਲ ਚਟਾਨ ਵਾਂਗ ਖੜ੍ਹੀ ਹੈ। ਇਸ ਤੋਂ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜੋਰਾ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਸਰਵਣ ਕਰਵਾਇਆ ਅਤੇ ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ ਨੇ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ। ਸਮਾਗਮ ਦੌਰਾਨ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਜਗਸੀਰ ਸਿੰਘ ਮਾਂਗੇਆਣਾ, ਮੈਂਬਰ ਗੁਰਪ੍ਰੀਤ ਸਿੰਘ ਝੱਬਰ, ਗੁਰਦੁ-ਆਰਾ ਸਾਹਿਬ ਰਮੇਸ਼ਵਰਮ ਦੇ ਪ੍ਰਧਾਨ ਹਰਬੰਸ ਸਿੰਘ, ਬਾਬਾ ਜਗਜੀਤ ਸਿੰਘ ਕਾਕਾ ਵੀਰ ਜੀ, ਬਲਬੀਰ ਸਿੰਘ ਲੋਟਾ, ਹਰਮੰਦਰ ਸਿੰਘ, ਗਗਨਦੀਪ ਸਿੰਘ, ਜਗਮੋਹਨ ਸਿੰਘ ਰਾਜੂ, ਸੁਰਜੀਤ ਸਿੰਘ ਮਦਾਨ, ਓਅੰਕਾਰ ਸਿੰਘ, ਬਲਦੇਵ ਸਿੰਘ, ਜਗੀਰ ਸਿੰਘ, ਪਰਮਜੀਤ ਸਿੰਘ, ਸਤਨਾਮ ਸਿੰਘ ਆਦਿ ਮੌਜੂਦ ਸਨ।

# ਖੁੱਲ੍ਹੇ ਦਰਬਾਰ ’ਚ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ, 21 ਦੇ ਕਰੀਬ ਸ਼ਿਕਾਇਤਾਂ ਨੂੰ ਕਾਰਵਾਈ ਲਈ ਸੰਬੰਧਿਤ ਵਿਭਾਗ ਨੂੰ ਸੌਂਪਿਆ



ਫਰੀਦਕੋਟ, 15 ਜਨਵਰੀ (ਗਿਆਨ ਸਿੰਘ): ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਿਲ੍ਹਾ ਪ੍ਰਸ਼ਾਸਨ ਵੱਲੋਂ ਸਥਾਨਕ ਅਸ਼ੋਕਾ ਚੱਕਰ ਹਾਲ ਵਿੱਚ ਲੋਕਾਂ ਦੀਆਂ ਵੱਖ ਵੱਖ ਸਰਕਾਰੀ ਵਿਭਾਗਾਂ ਨਾਲ ਸਬੰਧਤ ਸ਼ਿਕਾਇਤਾਂ ਪ੍ਰਾਪਤ ਕਰਨ ਅਤੇ ਉਨਾਂ ਦੇ ਨਿਪਟਾਰੇ ਲਈ ਖੁੱਲੇ ਦਰਬਾਰ ਦਾ ਆਯੋਜਨ ਕੀਤਾ ਗਿਆ। ਵਧੀਕ ਡਿਪਟੀ ਕਮਿਸ਼ਨਰ ਗੁਰਜੀਤ ਸਿੰਘ ਦੀ ਪ੍ਰਧਾਨਗੀ ਹੇਠ ਆਯੋਜਨ ਖੁੱਲੇ ਦਰਬਾਰ ਵਿੱਚ ਜਿਲੇ ਨਾਲ ਸਬੰਧਤ ਸਮੂਹ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਇਸ ਮੌਕੇ 21 ਦੇ ਕਰੀਬ ਸ਼ਿਕਾਇਤਕਰਤਾ/ਆਮ ਲੋਕਾਂ ਵੱਲੋਂ ਆਪਣੀਆਂ ਮੁਸ਼ਕਿਲਾਂ ਦੇ ਹੱਲ ਲਈ ਅਰਜੀਆਂ ਪੇਸ਼ ਕੀਤੀਆਂ ਗਈਆਂ ਜਿਨਾਂ ਵਿੱਚ ਡੀ.ਸੀ. ਦਫਤਰ, ਪੁਲਿਸ ਵਿਭਾਗ, ਮੰਡੀ ਬੋਰਡ, ਨਗਰ ਕੌਂਸਿਲਾਂ, ਮਾਲ ਵਿਭਾਗ, ਮਗਨਰੇਗਾ, ਬਿਜਲੀ ਬੋਰਡ, ਸੀਵਰੇਜ ਬੋਰਡ, ਖੇਤੀਬਾੜੀ, ਰੋਜ਼ਗਾਰ ਵਿਭਾਗ, ਵਣ ਵਿਭਾਗ, ਸਹਿਕਾਰਤਾ ਵਿਭਾਗ, ਸਿਹਤ ਵਿਭਾਗ ਅਤੇ ਜਨ ਸਿਹਤ ਵਿਭਾਗ ਆਦਿ ਨਾਲ ਸਬੰਧਤ ਸ਼ਿਕਾਇਤਾਂ ਪ੍ਰਾਪਤ ਹੋਈਆਂ। ਜਿਨਾਂ ਨੂੰ ਮੀਟਿੰਗ ਦੌਰਾਨ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸੌਂਪ ਦਿੱਤਾ ਗਿਆ । ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸ: ਗੁਰਜੀਤ ਸਿੰਘ ਨੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਮੀਟਿੰਗ ਦੌਰਾਨ ਪ੍ਰਾਪਤ ਹੋਈਆਂ ਸ਼ਿਕਾਇਤਾਂ ਨੂੰ ਮਿੱਥੇ ਸਮੇਂ ਵਿੱਚ ਹੱਲ ਕਰਕੇ ਇਸ ਸਬੰਧੀ ਪ੍ਰਾਰਥੀ ਅਤੇ ਡੀ.ਸੀ. ਦਫਤਰ ਨੂੰ ਲਿਖਤੀ ਤੌਰ ਤੇ ਸੂਚਿਤ ਕੀਤਾ ਜਾਵੇ । ਉਨਾਂ ਇਸ ਮੌਕੇ ਪਿਛਲੇ ਖੁੱਲੇ ਦਰਬਾਰ ਦੀਆਂ ਬਕਾਇਆ ਪਈਆਂ ਅਰਜੀਆਂ ਸਬੰਧੀ ਵੀ ਵਿਸਥਾਰ ਸਹਿਤ ਜਾਣਕਾਰੀ ਹਾਸਲ ਕੀਤੀ ਅਤੇ ਸਬੰਧਤ ਵਿਭਾਗਾਂ ਨੂੰ ਇਸ ਸਬੰਧੀ ਤੁਰੰਤ ਕਾਰਵਾਈ ਦੇ ਆਦੇਸ਼ ਦਿੱਤੇ।

ਇਸ ਮੀਟਿੰਗ ਵਿੱਚ ਐਸ.ਡੀ.ਐਮ.ਫਰੀਦਕੋਟ ਪਰਮਦੀਪ ਸਿੰਘ, ਐਸ.ਡੀ.ਐਮ. ਜੈਤੋ/ਕੋਟਕਪੂਰਾ ਡਾ. ਮਨਦੀਪ ਕੌਰ, ਬੀ.ਡੀ.ਪੀ.ਓ. ਫਰੀਦਕੋਟ ਅਸ਼ੋਕ ਕੁਮਾਰ, ਕਾਰਜ ਸਾਧਕ ਅਫਸਰ ਨਗਰ ਕੌਂਸਲ ਫਰੀਦਕੋਟ ਅੰਮ੍ਰਿਤਲਾਲ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

# ਸੜਕ ਸੁੱਰਖਿਆ ਨਿਯਮਾਂ ਦੀ ਉਲੰਘਣਾ ਨਾ ਕੀਤੀ ਜਾਵੇ : ਹਰਿੰਦਰ ਗਿੱਲ






ਕਪੂਰਥਲਾ, 15 ਜਨਵਰੀ (ਗਿਆਨ ਸਿੰਘ): ਸੜਕ ਸੁੱਰਖਿਆ ਨਿਯਮਾਂ ਦੀ ਉਲੰਘਣਾ ਨਾ ਕੀਤੀ ਜਾਵੇ ਜਿੰਦਗੀ ਅਨਮੋਲ ਹੈ,ਇਸ ਦੀ ਸੰਭਾਲ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਕੇ ਇਸ ਨੂੰ ਬਚਾਇਆ ਜਾ ਸਕਦਾ ਹੈ।ਅੱਜ ਸੜਕ ਸੁੱਰਖਿਆ ਹਫਤੇ ਦੇ ਪ੍ਰੋਗਰਾਮ ਵਿਚ ਡੀ.ਐਸ.ਪੀ ਹਰਿੰਦਰ ਸਿੰਘ ਗਿੱਲ ਕਪੂਰਥਲਾ ਨੇ ਪ੍ਰਿੰਸ਼ ਟੈਕਸੀ ਸਟੈਂਡ ਦੇ ਸਹਿਯੋਗ ਨਾਲ ਟ੍ਰੈਫਿਕ ਨਿਯਮਾਂ ਸਬੰਧੀ ਜਾਗਰੁਕਤਾਂ ਸੈਮੀਨਾਰ ਕਰਕੇ ਵੱਧ ਰਹੀਆਂ ਸੜਕ ਦੁਰਘਟਨਾਵਾਂ ਨੂੰ ਰੋਕਿਆ ਜਾ ਸਕੇ।ਅੱਜ ਦੀ ਭੱਜ ਦੌੜ ਦੀ ਜਿੰਦਗੀ ਵਿੱਚ ਬਹੁਤ ਹੀ ਕੀਮਤੀ ਜਾਨਾਂ ਸੜਕਾਂ ਤੇ ਅਜਾਈਂ ਜਾ ਰਹੀਆਂ ਹਨ।ਬਹੁਤ ਘਰਾਂ ਦੇ ਚੜ੍ਹਦੀ ਉਮਰੇ ਦੇ ਨੌਜਵਾਨ ਪੁੱਤਰ ਇਨ੍ਹਾਂ ਖੂਨੀ ਸੜਕਾਂ ਨੇ ਆਪਣੀ ਲਪੇਟ ਵਿਚ ਲੈ ਲਏ ਹਨ। ਇਸ ਮੌਕੇ ਸ੍ਰੀ ਮਲਕੀਤ ਸਿੰਘ ਸੀਨੀਅਰ ਮੈਨੇਜਰ ਓਰੀਐਂਟ ਇੰਸ਼ੋਰੈਂਸ ਕਪੂਰਥਲਾ ਨੇ ਵਾਹਨ ਚਾਲਕਾਂ ਨੂੰ ਕਿਹਾ ਕਿ ਹਰ ਵਾਹਨ ਚਾਲਕ ਦੇ ਕੋਲ ਵਾਹਨ ਦੀ ਆਰ.ਸੀ ਹੋਣੀ ਜਰੂਰੀ ਹੈ ਬਿਨ੍ਹਾਂ ਆਰ.ਸੀ ਤੋਂ ਕਿਸੇ ਵੀ ਵਾਹਨ ਦਾ ਬੀਮਾਂ ਨਹੀਂ ਕੀਤਾ ਜਾ ਸਕਦਾ।ਹਰੇਕ ਵਾਹਨ ਦਾ ਬੀਮਾਂ ਕਰਵਾਉਂਣਾ ਜਰੂਰੀ ਹੈ। ਕਿਸੇ ਵੀ ਤਰ੍ਹਾਂ ਦੀ ਅਗ ਕੋਈ ਦੁਰਘਟਨਾਂ ਹੁੰਦੀ ਹੈ ਤਾਂ ਬੀਮਾਂ ਕੰਪਨੀ ਵਾਹਨ ਦੀ ਹਾਲਤ ਦੇਖ ਕੇ ਉਸ ਦੀ ਸਹਾਇਤਾ ਕਰਦੀ ਹੈ।ਉਹਨਾ ਵਾਹਨ ਚਾਲਕਾਂ ਨੂੰ ਅਪੀਲ ਕੀਤੀ ਕੇ ਹਮੇਸ਼ਾ ਚੰਗੀ ਕੰਪਨੀ ਤੋਂ ਹੀ ਵਾਹਨ ਬੀਮਾਂ ਕਰਵਾਇਆ ਜਾਵੇ ਕਿਸੇ ਦੇ ਧੋਖੇ ਵਿੱਚ ਨਹੀ ਆਉਣਾ ਚਾਹੀਦਾ।ਸੜਕ ਸੁੱਰਖਿਆ ਹਫਤੇ ਨੂੰ ਮੁੱਖ ਰੱਖ ਦੇ ਹੋਏ ਸਮਾਜ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕੀਤਾ ਜਾ ਰਿਹਾ ਹੈ ਜ਼ਿਆਦਾਤਰ ਨਿਯਮਾਂ ਦੀ ਪਾਲਣਾ ਨਾ ਕਰਨ ਵਾਲਿਆਂ ਵਿੱਚ ਵਿਦਿਆਰਥੀ ਵੀ ਸ਼ਾਮਲ ਹਨ।ਵਾਹਨਾਂ ਦੀ ਸਹੀ ਜਾਣਕਾਰੀ ਨਾ ਹੋਣ ਕਰਕੇ ਹੀ ਦੁਰਘਟਨਾਵਾਂ ਵੱਧ ਰਹੀਆਂ ਹਨ।ਇਸ ਮੌਕੇ ਟ੍ਰੈਫਿਕ ਇੰਜਾਰਜ ਇੰਸਪੈਕਟਰ ਦੀਪਕ ਸਰਮਾਂ ਸਬ-ਇੰਸਪੈਕਟਰ ਦਰਸਨ ਸਿੰਘ,ਇੰਚਾਰਜ ਪੀ.ਸੀ.ਆਰ ਰਾਜਵਿੰਦਰ ਸਿੰਘ,ਸਬ-ਇੰਸਪੈਕਟਰ ਬਲਕਾਰ ਸਿੰਘ ਏ.ਐਸ.ਆਈ ਦਿਲਬਾਗ ਸਿੰਘ ਟਾਂਡੀ,ਏ.ਐਸ.ਆਈ ਬਲਵਿੰਦਰ ਸਿੰਘ, ਏ.ਐਸ.ਆਈ ਮਨਜੀਤ ਕੌਰ,ਹਰਜਿੰਦਰ ਸਿੰਘ,ਸਕੂਲਾਂ ਦੀਆਂ ਬੱਸਾਂ ਦੇ ਡਰਾਇਵਰ ਵੀ ਹਾਜਰ ਸਨ।

ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers

• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੌਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6



# ਸੰਪਾਦਕੀ

## ਉਂਟੇਰੀਓ ਵਿੱਚ ਅਧਿਆਪਕਾਂ ਦੀ ਹੜਤਾਲ- ਸਾਰੀਆਂ ਧਿਰਾਂ ਲਈ ਸਿਰਦਰਦੀ

ਪਿਛਲੇ ਦੋ ਦਹਾਕਿਆਂ ਤੋਂ ਵੱਧ ਸਮੇਂ ਵਿੱਚ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਉਂਟੇਰੀਓ ਵਿਚਲੀਆਂ ਚਾਰੇ ਅਧਿਆਪਕ ਯੂਨੀਅਨਾਂ ਸਰਕਾਰ ਨਾਲ ਚੱਲ ਰਹੀ ਖਹਿਬੜਬਾਜ਼ੀ ਕਾਰਣ ਐਕਸ਼ਨ ਉੱਤੇ ਉੱਤਰੀਆਂ ਹੋਈਆਂ ਹਨ। ਐਲੀਮੈਂਟਰੀ ਟੀਚਰਜ਼ ਫੈਡਰੇਸ਼ਨ ਆਫ ਉਂਟੇਰੀਓ ਨੇ ਵੀ ਪਰਸੋਂ ਐਲਾਨ ਕਰ ਦਿੱਤਾ ਕਿ ਇਸਦੇ ਮੈਂਬਰ ਵੀ ਹਰ ਸੋਮਵਾਰ ਇੱਕ ਦਿਨਾ 'ਬਦਲਵੀਂ ਹੜਤਾਲ' (rotating strike) ਉੱਤੇ ਜਾਇਆ ਕਰਨਗੇ। ਫੈਡਰੇਸ਼ਨ ਮੁਤਾਬਕ ਪਹਿਲੇ ਗੇੜ ਵਿੱਚ ਟੋਰਾਂਟੋ ਡਿਸਟਰਿਕਟ ਸਕੂਲ ਬੋਰਡ, ਟੋਰਾਂਟੋ ਕੈਥੋਲਿਕ ਸਕੂਲ ਬੋਰਡ, ਯੌਰਕ ਰੀਜਨ ਸਕੂਲ ਬੋਰਡ ਅਤੇ ਓਟਾਵਾ-ਕਾਰਲਟਨ ਸਕੂਲ ਬੋਰਡ ਹੜਤਾਲ ਕਰਨਗੇ। ਯੂਨੀਅਨਾਂ ਲਈ ਹੜਤਾਲ ਕਰਨ ਵਾਸਤੇ ਪੰਜ ਦਿਨ ਦਾ ਅਗਾਊਂ ਨੋਟਿਸ ਦੇਣਾ ਲਾਜ਼ਮੀ ਹੁੰਦਾ ਹੈ ਜੋ ਬੀਤੇ ਸੋਮਵਾਰ ਦੇ ਦਿੱਤਾ ਗਿਆ। ਵਰਨਣਯੋਗ ਹੈ ਕਿ ਇਸ ਵਕਤ ਉਂਟੇਰੀਓ ਸੈਕੰਡਰੀ ਸਕੂਲ ਟੀਚਰਜ਼ ਫੈਡਰੇਸ਼ਨ, ਉਂਟੇਰੀਓ ਇੰਗਲਿਸ਼ ਕੈਥੋਲਿਕ ਟੀਚਰਜ਼ ਐਸੋਸੀਏਸ਼ਨ, ਐਲੀਮੈਂਟਰੀ ਟੀਚਰਜ਼ ਫੈਡਰੇਸ਼ਨ ਆਫ ਉਂਟੇਰੀਓ ਅਤੇ ਫਰੈਂਚ ਸਕੂਲਾਂ ਦੇ ਅਧਿਆਪਕਾਂ ਦੀ ਐਸੋਸੀਏਸ਼ਨ AEFO ਚਾਰ ਅਧਿਆਪਕ ਯੂਨੀਅਨਾਂ ਹਨ।

ਅਧਿਆਪਕਾਂ ਦਾ ਸਰਕਾਰ ਨਾਲ ਰੱਫੜ ਬੀਤੇ ਸਾਲ ਦਾ ਬੱਜਟ ਪੇਸ਼ ਕਰਨ ਦੇ ਸਮੇਂ ਤੋਂ ਹੀ ਚੱਲ ਰਿਹਾ ਹੈ। ਯੂਨੀਅਨਾਂ ਇੱਕ ਪਾਸੇ ਸਰਕਾਰ ਨਾਲ ਗੱਲਬਾਤ ਜਾਰੀ ਰੱਖ ਰਹੀਆਂ ਹਨ ਅਤੇ ਦੂਜੇ ਪਾਸੇ ਕੰਮ ਤੋਂ 'ਵਰਕ ਟੂ ਰੂਲ', ਇੱਕ ਦਿਨਾ ਹੜਤਾਲਾਂ ਆਦਿ ਦੇ ਐਕਸ਼ਨ ਕਰਦੀਆਂ ਆ ਰਹੀਆਂ ਹਨ। ਯੂਨੀਅਨਾਂ ਵੱਲੋਂ ਲਏ ਸਟੈਂਡ ਵਿੱਚ ਇੱਕ ਰੋਲ ਤਾਂ ਉਹਨਾਂ ਦਾ ਕੰਜ਼ਰਵੇਟਿਵ ਸਰਕਾਰ ਵਿਰੋਧੀ ਰੁਖ ਹੋ ਸਕਦਾ ਹੈ। ਦੂਜੇ ਪਾਸੇ ਸਰਕਾਰ ਨੇਂ ਵੀ ਕਈ ਅਜਿਹੇ ਕਦਮ ਚੁੱਕੇ ਗਏ ਹਨ ਜਿਹੜੇ ਅਧਿਕਆਪਕਾਂ ਨੂੰ ਜਜ਼ਬ ਕਰਨੇ ਔਖੇ ਹਨ। ਮਸਲੇ ਨੂੰ ਸਹੀ ਢੰਗ ਨਾਲ ਸਮਝਣ ਵਾਸਤੇ ਸਾਨੂੰ ਕੁੱਝ ਮੂਲ ਸੁਆਲਾਂ ਦੇ ਜਵਾਬ ਖੋਜਣ ਦੀ ਲੋੜ ਹੈ। ਇਸ ਸਾਲ ਸਰਕਾਰ ਨੇ ਸਿੱਖਿਆ ਉੱਤੇ ਖਰਚ ਕਰਨ ਲਈ 29.9 ਬਿਲੀਅਨ ਡਾਲਰ ਖਰਚਣ ਦੀ ਯੋਜਨਾ ਬਣਾਈ ਹੈ ਜੋ ਕਿ ਪਿਛਲੇ ਸਾਲ ਨਾਲੋਂ 1.2 ਬਿਲੀਅਨ ਭਾਵ 4.3% ਜਿਆਦਾ ਹੈ। ਬੇਸ਼ੱਕ ਕਾਗਜ਼ ਉੱਤੇ ਸਿੱਖਿਆ ਲਈ ਡਾਲਰਾਂ ਵਿੱਚ ਵਾਧਾ ਹੋਇਆ ਵਿਖਾਈ ਦੇਂਦਾ ਹੈ ਪਰ ਅਸਲ ਵਿੱਚ ਵਾਧੂ ਨਿਰਧਾਰਤ ਕੀਤੇ ਪੈਸੇ ਸਕੂਲਾਂ ਨੂੰ ਨਹੀਂ ਸਗੋਂ ਬੱਚਿਆਂ ਲਈ ਲਾਗੂ ਕੀਤੇ ਨਵੇਂ ਟੈਕਸ ਕਰੈਡਿਟ ਦੇ ਹਨ ਜਿਹਨਾਂ ਨੂੰ ਸਰਕਾਰ ਨੇ ਸਿੱਖਿਆ ਬੱਜਟ ਵਿੱਚ ਸ਼ਾਮਲ ਕਰ ਦਿੱਤਾ ਸੀ। ਉਂਟੇਰੀਓ ਦੇ ਵਿੱਤੀ ਜਵਾਬਦੇਹੀ ਬਾਰੇ ਦਫ਼ਤਰ (Financial Accountability Office of Ontario) ਮੁਤਾਬਕ ਬੱਚਿਆਂ ਲਈ ਟੈਕਸ ਕਰੈਡਿਟ ਨੇ 435 ਮਿਲੀਅਨ ਡਾਲਰ ਜ਼ਬਤ ਕਰਨੇ ਹਨ।

ਇੱਕ ਮੁੱਦਾ ਕਲਾਸਾਂ ਦੇ ਸਾਈਜ਼ ਵੱਡੇ ਕਰਨ ਦਾ ਹੈ ਜਿਸ ਕਾਰਣ ਵੱਡੀ ਗਿਣਤੀ ਵਿੱਚ ਅਧਿਆਪਕਾਂ ਦੀਆਂ ਨੌਕਰੀਆਂ ਚਲੇ ਜਾਣ ਦਾ ਖਦਸ਼ਾ ਹੈ। ਅਨੁਮਾਨ ਹੈ ਕਿ 10,054 ਨੌਕਰੀਆਂ ਘੱਟ ਹੋਣਗੀਆਂ ਜਿਸ ਬਦੌਲਤ ਸਰਕਾਰ ਨੂੰ ਬੱਜਟ ਬੈਲੇਂਸ ਕਰਨ ਲਈ 900 ਮਿਲੀਅਨ ਡਾਲਰ ਬਚ ਜਾਣਗੇ। ਲਿਬਰਲ ਸਰਕਾਰ ਵੇਲੇ ਤਾਂ ਕਿਸੇ ਦਾ ਧਿਆਨ ਬੱਜਟ ਬੈਲੇਂਸ ਕਰਨ ਵੱਲ ਹੈ ਨਹੀਂ ਸੀ ਅਤੇ ਟੋਰੀ ਆਪਣੇ ਵਾਅਦੇ ਤੋਂ ਪਿਛਾਂਹ ਮੁੜ ਕੇ ਸਿਆਸੀ ਮੌਤ ਮਰਨ ਮਰਨੋਂ ਡਰਦੇ ਹਨ। ਇਵੇਂ ਹੀ ਸਰਕਾਰ ਨੇ ਅਧਿਆਪਕਾਂ ਸਮੇਤ ਸਾਰੇ ਸਰਕਾਰੀ ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ ਇਜਾਫ਼ੇ ਨੂੰ ਅਗਲੇ ਤਿੰਨ ਸਾਲ ਲਈ 1% ਉੱਤੇ ਮੁੱਕਰਰ ਕਰ ਦਿੱਤਾ ਹੈ ਜੋ ਗੱਲ ਅਧਿਆਪਕਾਂ ਨੂੰ ਮੂਲ ਮੁਆਫ਼ਕ ਨਹੀਂ।

ਜਿੱਥੇ ਯੂਨੀਅਨਾਂ ਸਰਕਾਰ ਲਈ ਸਿਰਦਰਦੀ ਪੈਦਾ ਕਰਨ ਵੱਲ ਕੇਂਦਰਿਤ ਹਨ ਉੱਥੇ ਸਰਕਾਰ ਨੇ ਇੱਕ ਅਨੋਖੀ ਯੋਜਨਾ ਕੱਢ ਲਈ ਹੈ ਜਿਸ ਨਾਲ ਕਈ ਮਾਪੇ ਤਾਂ ਖੁਸ਼ ਹੋ ਸਕਦੇ ਹਨ ਪਰ ਅਧਿਆਪਕਾਂ ਦੇ ਤੇਵਰ ਹੋਰ ਵਿਗੜੇ ਹਨ। ਸਰਕਾਰ ਨੇ ਐਲਾਨ ਕੀਤਾ ਹੈ ਕਿ ਜਿਹਨਾਂ ਸਕੂਲਾਂ ਵਿੱਚ ਹੜਤਾਲ ਹੋਣ ਕਾਰਣ ਬੱਚੇ ਘਰ ਰਹਿਣਗੇ, ਉਹਨਾਂ ਮਾਪਿਆਂ ਨੂੰ 6 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ 60 ਡਾਲਰ ਪ੍ਰਤੀ ਦਿਨ ਮਿਲਣਗੇ, ਇਹ ਰਕਮ ਉਹਨਾਂ ਬੱਚਿਆਂ ਲਈ ਹੈ ਜੋ ਹਾਲੇ ਸਕੂਲ ਵਿੱਚ ਦਾਖ਼ਲ ਨਹੀਂ ਹਨ ਪਰ ਸਕੂਲ ਆਧਾਰਿਤ ਚਾਈਲਡ ਕੇਅਰ ਸੈਂਟਰ ਵਿੱਚ ਜਾਂਦੇ ਹਨ। ਕਿੰਡਰਗਾਰਟਨ ਵਿੱਚ ਪੜਦੇ ਬੱਚਿਆਂ ਲਈ 40 ਡਾਲਰ ਪ੍ਰਤੀ ਦਿਨ, ਗਰੇਡ 1 ਤੋਂ 7 ਤੱਕ ਦੇ ਬੱਚਿਆਂ ਲਈ 25 ਡਾਲਰ ਪ੍ਰਤੀ ਦਿਨ ਅਤੇ ਸਪੈਸ਼ਲ ਲੋੜਾਂ (special needs) ਵਾਲੇ ਕਿੰਡਰਗਾਰਟਨ ਤੋਂ 12ਵੀਂ ਤੱਕ ਵਿੱਦਿਆਰਥੀਆਂ ਨੂੰ 40 ਡਾਲਰ ਪ੍ਰਤੀ ਦਿਨ ਦਿੱਤੇ ਜਾਣਗੇ। ਇਸ ਤਰੀਕੇ ਸਰਕਾਰ ਦਾ ਇੱਕ ਦਿਨ ਦਾ ਖਰਚਾ 48 ਮਿਲੀਅਨ ਹੋਵੇਗਾ ਜਦੋਂ ਕਿ ਜੇ ਅਧਿਆਪਕ ਹੜਤਾਲ ਕਰਦੇ ਹਨ ਤਾਂ ਤਨਖਾਹਾਂ ਦੇ 60 ਮਿਲੀਅਨ ਡਾਲਰ ਪ੍ਰਤੀ ਦਿਨ ਬਚਦੇ ਹਨ।

ਸਰਕਾਰ ਅਤੇ ਅਧਿਆਪਕ ਯੂਨੀਅਨਾਂ ਆਪੋ ਆਪਣੀ ਥਾਂ ਉੱਤੇ ਬੱਚਿਆਂ ਅਤੇ ਮਾਪਿਆਂ ਦੀ ਹਿਤੂ ਹੋਣ ਦਾ ਦਾਅਵਾ ਕਰਦੀਆਂ ਹਨ ਪਰ ਸੱਚ ਇਹ ਹੈ ਕਿ ਇਹਨਾਂ ਦੇ ਭੇੜ ਵਿੱਚ ਨੁਕਸਾਨ ਬੱਚਿਆਂ ਅਤੇ ਮਾਪਿਆਂ ਦਾ ਹੋ ਰਿਹਾ ਹੈ। ਦੋਵਾਂ ਧਿਰਾਂ ਨੂੰ ਇੱਕ ਦਿਨ ਸਹਿਮਤੀ ਤਾਂ ਬਣਾਉਣੀ ਹੀ ਪੈਣੀ ਹੈ ਬੱਸ ਨੁਕਤਾ ਐਨਾ ਹੈ ਕਿ ਕੌਣ ਕਿੰਨਾ ਕੁ ਪੈਰ ਪਿਛਾਂਹ ਖਿੱਚਣ ਲਈ ਤਿਆਰ ਹੈ!

# ਕੰਜ਼ਰਵੇਟਿਵ ਫੰਡਰੇਜ਼ਿੰਗ ਬੋਰਡ ਤੋਂ ਹਾਰਪਰ ਨੇ ਦਿਤਾ ਅਸਤੀਫਾ

...ਪੰਨਾ 1 ਦਾ ਬਾਕੀ

ਪ੍ਰਾਪਤ ਜਾਣਕਾਰੀ ਅਨੁਸਾਰ ਕੰਜ਼ਰਵੇਟਿਵ ਫੰਡ ਨਾਲ ਜੁੜੇ ਕੁਝ ਮੈਂਬਰਾਂ ਨੂੰ ਸ਼ੀਅਰ ਦੇ ਖਰਚਿਆਂ ਬਾਰੇ ਨਹੀਂ ਸੀ ਪਤਾ ਤੇ ਉਨ੍ਹਾਂ ਨੂੰ ਇਹ ਜਾਣਕੇ ਹੈਰਾਨੀ ਹੋਈ ਕਿ ਇਸ ਸਬੰਧ ਵਿੱਚ ਸ਼ੀਅਰ ਤੇ ਕੰਜ਼ਰਵੇਟਿਵ ਪਾਰਟੀ ਦੇ ਤਤਕਾਲੀ ਐਗਜ਼ੈਕਟਿਵ ਡਾਇਰੈਕਟਰ ਡਸਟਿਨ ਵੈਨ ਵੂਟ ਦਰਮਿਆਨ ਇਨ੍ਹਾਂ ਖਰਚਿਆਂ ਸਬੰਧੀ ਸਮਝੌਤਾ ਹੋਇਆ ਸੀ। ਪਾਰਟੀ ਇਨ੍ਹਾਂ ਖਰਚਿਆਂ ਦਾ ਮੁਲਾਂਕਣ ਕਰ ਰਹੀ ਹੈ। ਰਿਪੋਰਟਾਂ ਅਨੁਸਾਰ ਇਹ ਆਮ ਨਾਲੋਂ ਕਿਤੇ ਜ਼ਿਆਦਾ ਹਨ। ਇੱਥੇ ਹੀ ਬੱਸ ਨਹੀਂ ਵੈਨ ਵੂਟ ਨੂੰ ਵੀ ਉਨ੍ਹਾਂ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਇੰਟਰਨੈਸ਼ਨਲ ਗਵਰਨੈਂਸ ਕਾਨਫਰੰਸ ਵਿੱਚ ਹਿੱਸਾ ਲੈਣ ਲਈ ਹਾਰਪਰ ਇਸ ਸਮੇਂ ਭਾਰਤ ਦੇ ਦੌਰੇ ਉੱਤੇ ਹਨ।

# ਕੰਜ਼ਰਵੇਟਿਵ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣਗੇ ਪੀਟਰ ਮੈਕੇਅ

...ਪੰਨਾ 1 ਦਾ ਬਾਕੀ

ਇਸ ਤੋਂ ਪਹਿਲਾਂ ਡਾਇਮੰਡ ਨੇ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਲੀਡਰਸ਼ਿਪ ਦੌੜ ਉੱਤੇ ਕੰਮ ਕੀਤਾ ਸੀ ਤੇ ਫੋਰਡ ਨੂੰ ਪ੍ਰੋਵਿੰਸ਼ੀਅਲ ਚੋਣਾਂ ਜਿੱਤਣ ਵਿੱਚ ਮਦਦ ਕੀਤੀ ਸੀ। ਸਾਬਕਾ ਕੰਜ਼ਰਵੇਟਿਵ ਐਮਪੀ ਐਲੈਕਸ ਨਟਲ ਮੈਕੇਅ ਦੇ ਕੈਂਪੇਨ ਮੈਨੇਜਰ ਹੋਣਗੇ। ਨਟਲ ਵੀ ਪਹਿਲੀ ਵਾਰੀ ਕਿਸੇ ਦੀ ਲੀਡਰਸ਼ਿਪ ਦੌੜ ਵਿੱਚ ਮਦਦ ਨਹੀਂ ਕਰਨ ਜਾ ਰਹੇ, ਇਸ ਤੋਂ ਪਹਿਲਾਂ ਉਹ ਸਾਬਕਾ ਐਮਪੀ ਮੈਕਸਿਮ ਬਰਨੀਅਰ ਨਾਲ ਉਦੋਂ ਕੰਮ ਕਰ ਚੁੱਕੇ ਹਨ ਜਦੋਂ 2017 ਵਿੱਚ ਬਰਨੀਅਰ ਕੰਜ਼ਰਵੇਟਿਵ ਆਗੂ ਬਣਨ ਲਈ ਲੀਡਰਸ਼ਿਪ ਦੀ ਦੌੜ ਵਿੱਚ ਹਿੱਸਾ ਲੈਣ ਲਈ ਨਿੱਤਰੇ ਸਨ।

ਇਨ੍ਹਾਂ ਤੋਂ ਇਲਾਵਾ ਬਰਨੀਅਰ ਦੀ ਲੀਡਰਸ਼ਿਪ ਦੌੜ ਲਈ ਪ੍ਰਬੰਧ ਕਰਨ ਵਾਲੀ ਐਮਰੀਜ਼ ਗ੍ਰੈਫੇ ਵੀ ਮੈਕੇਅ ਦੀ ਕੈਂਪੇਨ ਵਿੱਚ ਮਦਦ ਕਰੇਗੀ। ਜਿਸ ਫਰਮ, ਰੂਬੀਕੌਨ ਸਟਰੈਟੇਜੀ, ਲਈ ਗ੍ਰੈਫੇ ਕੰਮ ਕਰਦੀ ਹੈ, ਨੂੰ ਮੈਕੇਅ ਲਈ ਕੰਮ ਕਰਨ ਵਾਸਤੇ ਚੁਣਿਆ ਗਿਆ ਹੈ-ਹਾਲਾਂਕਿ ਇਸ ਦੇ ਬਾਨੀ ਕੋਰੀ ਟੈਨੇਕੇ ਇਸ ਕੈਂਪੇਨ ਵਿੱਚ ਹਿੱਸਾ ਨਹੀਂ ਲੈਣਗੇ।

ਜ਼ਿਕਰਯੋਗ ਹੈ ਕਿ 1997 ਤੋਂ 2015 ਤੱਕ ਮੈਕੇਅ ਕੋਲ ਹਾਊਸ ਆਫ ਕਾਮਨਜ਼ ਵਿੱਚ ਨੋਵਾ ਸਕੋਸ਼ੀਆ ਸੀਟ ਹੁੰਦੀ ਸੀ। ਸਿਆਸਤ ਨੂੰ ਅਲਵਿਦਾ ਆਖਣ ਤੋਂ ਪਹਿਲਾਂ ਮੈਕੇਅ ਨਿਆਂ ਮੰਤਰੀ, ਕੌਮੀ ਰੱਖਿਆ ਮੰਤਰੀ ਤੇ ਵਿਦੇਸ਼ ਮੰਤਰੀ ਵਰਗੇ ਅਹਿਮ ਅਹੁਦੇ ਸਾਂਭ ਚੁੱਕੇ ਹਨ। ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਦੇ ਨਿਰਮਾਣ ਵਿੱਚ ਵੀ ਮੈਕੇਅ ਦੀ ਅਹਿਮ ਭੂਮਿਕਾ ਰਹੀ ਹੈ। ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੇ ਆਗੂ ਵਜੋਂ ਸੇਵਾ ਨਿਭਾਉਣ ਸਮੇਂ ਮੈਕੇਅ ਨੇ 2003 ਵਿੱਚ ਸਟੀਫਨ ਹਾਰਪਰ ਦੇ ਕੈਨੇਡੀਅਨ ਅਲਾਇੰਸ ਨਾਲ ਰਲੇਵੇ ਸਬੰਧੀ ਗੱਲਬਾਤ ਦੀ ਪੇਸ਼ਕਦਮੀ ਕਰਕੇ ਅੱਜ ਦੀ ਕੰਜ਼ਰਵੇਟਿਵ ਪਾਰਟੀ ਦੀ ਨੀਂਹ ਰੱਖੀ ਸੀ।

ਮੈਕੇਅ ਦਾ ਨਾਂ ਅਕਸਰ ਕੰਜ਼ਰਵੇਟਿਵ ਲੀਡਰਸ਼ਿਪ ਲਈ ਵਿਚਾਰਿਆ ਜਾਂਦਾ ਰਿਹਾ ਹੈ। ਉਨ੍ਹਾਂ ਦਾ ਨਾਂ ਇੱਕ ਵਾਰੀ ਮੁੜ ਉਦੋਂ ਸਾਹਮਣੇ ਆਇਆ ਜਦੋਂ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਨੇ 12 ਦਸੰਬਰ ਨੂੰ ਆਪਣਾ ਅਹੁਦਾ ਛੱਡਣ ਸਬੰਧੀ ਐਲਾਨ ਕੀਤਾ। ਮੈਕੇਅ ਵੱਲੋਂ ਕੀਤੇ ਐਲਾਨ ਤੋਂ ਭਾਵ ਹੈ ਕਿ ਉਹ ਕਈ ਉਘੇ ਕੰਜ਼ਰਵੇਟਿਵਾਂ ਦੀ ਕਤਾਰ ਵਿੱਚ ਸ਼ਾਮਲ ਹੋ ਗਏ ਹਨ ਜਿਹੜੇ ਪਾਰਟੀ ਦੀ ਅਗਵਾਈ ਕਰਨ ਲਈ ਮੁਕਾਬਲਾ ਕਰਨਾ ਚਾਹੁੰਦੇ ਹਨ। ਇਹ ਵੀ ਪਤਾ ਲੱਗਿਆ ਹੈ ਕਿ ਕੰਜ਼ਰਵੇਟਿਵ ਐਮਪੀਜ਼ ਪਿਏਰੇ ਪੋਇਲੀਵ ਤੇ ਐਰਿਨ ਓਟੂਲੇ ਵੀ ਇਸ ਦੌੜ ਵਿੱਚ ਹਿੱਸਾ ਲੈ ਰਹੇ ਹਨ ਤੇ ਕੰਜ਼ਰਵੇਟਿਵ ਐਮਪੀ ਮੈਰੀਲਿਨ ਗਲੈਡੂ ਨੇ ਵੀ ਲੀਡਰਸ਼ਿਪ ਦੌੜ ਲਈ ਆਪਣੀ ਯੋਜਨਾ ਦਾ ਐਲਾਨ ਕਰ ਦਿੱਤਾ ਹੈ।

ਸਾਬਕਾ ਐਨਡੀਪੀ ਆਗੂ ਤੇ ਸੀਟੀਵੀ ਦੇ ਸਿਆਸੀ ਕੰਮੈਂਟੇਟਰ ਟੌਮ ਮਲਕ-ਅਰ ਨੇ ਦੱਸਿਆ ਸੀ ਕਿ ਸਾਬਕਾ ਕਿਊਬਿਕ ਪ੍ਰੀਮੀਅਰ ਜੀਨ ਚਾਰੈਸਟ ਵੀ ਇਸ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਵਾਲੇ ਹਨ। ਟੋਰੀਜ਼ ਦੀ ਇਸ ਦੌੜ ਵਿੱਚੋਂ ਗੈਰ ਚੁਣੇ ਹੋਏ ਕੰਜ਼ਰਵੇਟਿਵ ਆਰਗੇਨਾਈਜ਼ਰ ਬ੍ਰਾਇਨ ਬਰੂਲੌਟੇ ਨੇ ਆਪਣਾ ਨਾਂ ਮੰਗਲਵਾਰ ਨੂੰ ਵਾਪਿਸ ਵੀ ਲਿਆ ਹੈ। ਉਨ੍ਹਾਂ ਆਖਿਆ ਕਿ ਇਸ ਦੌੜ ਦੇ ਸਖ਼ਤ ਨਿਯਮਾਂ ਕਾਰਨ ਉਹ ਇਸ ਵਿੱਚੋਂ ਬਾਹਰ ਹੋ ਰਹੇ ਹਨ ਤੇ ਹੁਣ ਉਹ ਮੈਕੇਅ ਦਾ ਸਮਰਥਨ ਕਰਨਗੇ। ਲੀਡਰਸ਼ਿਪ ਲਈ ਆਸਵੰਦ ਉਮੀਦਵਾਰਾਂ ਕੋਲ ਆਪਣੀਆਂ ਅਰਜ਼ੀਆਂ ਜਮ੍ਹਾਂ ਕਰਵਾਉਣ ਲਈ 27 ਫਰਵਰੀ ਤੱਕ ਦਾ ਹੀ ਸਮਾਂ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਸਕਾਰਬੌਰੋ ਦੇ ਅੱਗ ਨਾਲ ਘਿਰੇ ਘਰ ਵਿੱਚੋਂ ਮਿਲੀ ਔਰਤ ਦਾ ਕੀਤਾ ਗਿਆ ਸੀ ਕਤਲ

ਟੋਰਾਂਟੋ, 15 ਜਨਵਰੀ (ਪੋਸਟ ਬਿਊਰੋ) : ਜਾਂਚਕਾਰਾਂ ਦਾ ਕਹਿਣਾ ਹੈ ਕਿ ਸੋਮਵਾਰ ਸਵੇਰੇ ਸਕਾਰਬੌਰੋ ਦੀ ਰਿਹਾਇਸ਼ੀ ਬਿਲਡਿੰਗ ਵਿੱਚ ਲੱਗੀ ਅੱਗ ਤੋਂ ਬਾਅਦ ਇਮਾਰਤ ਤੋਂ ਬਾਹਰ ਕੱਢੇ ਜਾਣ ਤੋਂ ਬਾਅਦ ਦਮ ਤੋੜਨ ਵਾਲੀ ਔਰਤ ਦਾ ਅਸਲ ਵਿੱਚ ਕਤਲ ਕੀਤਾ ਗਿਆ ਸੀ।

ਐਮਰਜੰਸੀ ਅਮਲੇ ਨੂੰ ਵਾਰਡਨ ਤੇ ਸ਼ੈਪਰਡ ਐਵਨਿਊਜ਼ ਨੇੜੇ 25 ਬੇਅ ਮਿਲਜ਼ ਬੋਲੀਵੀਆਰਡ, ਵਿਖੇ ਸਵੇਰੇ 3:05 ਉਤੇ ਸੱਦਿਆ ਗਿਆ ਸੀ। ਇੱਥੋਂ ਅੱਗ ਲੱਗਣ ਦੀ ਖਬਰ ਮਿਲੀ ਸੀ। ਟੋਰਾਂਟੋ ਫਾਇਰ ਦੇ ਕੈਪਟਨ ਡੇਵਿਡ ਐਕਰਮੈਨ ਨੇ ਦੱਸਿਆ ਕਿ ਜਦੋਂ ਉਹ ਮੌਕੇ ਉੱਤੇ ਪਹੁੰਚੇ ਤਾਂ 18 ਮੰਜ਼ਿਲ ਉੱਤੇ ਅੱਗ ਲੱਗੀ ਹੋਈ ਸੀ ਤੇ ਅੱਗ ਦੀਆਂ ਲਪਟਾਂ ਬਾਹਰੋਂ ਨਜ਼ਰ ਆ ਰਹੀਆਂ ਸਨ।

ਇਸ ਘਰ ਵਿੱਚੋਂ ਇੱਕ ਮਹਿਲਾ ਨੂੰ ਬਾਹਰ ਕੱਢਿਆ ਗਿਆ ਤੇ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਬਾਅਦ ਵਿੱਚ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਹ ਦਮ ਤੋੜ ਗਈ। ਮ੍ਰਿਤਕਾ ਦੀ ਪਛਾਣ ਪੁਲਿਸ



ਵੱਲੋਂ ਟੋਰਾਂਟੋ ਦੀ 49 ਸਾਲਾ ਮਾਰਿ-ਰਆਨਾ ਕੁਦਜ਼ਿਆਨਿਊਕ ਵਜੋਂ ਕੀਤੀ ਗਈ ਹੈ। ਸੂਤਰਾਂ ਨੇ ਇਹ ਵੀ ਦੱਸਿਆ ਕਿ ਉਸ ਮਹਿਲਾ ਨੂੰ ਘਰ ਤੋਂ ਬਾਹਰ ਕੱਢੇ ਜਾਣ ਤੋਂ ਪਹਿਲਾਂ ਉਹ ਬਾਥਟਬ ਵਿੱਚ ਸੀ ਤੇ ਜ਼ਖ਼ਮੀ ਸੀ।

ਮੰਗਲਵਾਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਪੁਲਿਸ ਨੇ ਆਖਿਆ ਕਿ ਪੋਸਟ ਮਾਰਟਮ ਤੋਂ ਸਿੱਧ ਹੋਇਆ ਹੈ ਕਿ ਉਸ ਦਾ ਕਤਲ ਕੀਤਾ ਗਿਆ। ਜਾਂਚਕਾਰਾਂ ਵੱਲੋਂ ਅੱਗ ਲੱਗਣ ਦੇ ਕਾਰਨਾਂ ਬਾਰੇ ਵੀ ਅਜੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।

# ਰੂਸ ਵਿੱਚ ਪ੍ਰਧਾਨ ਮੰਤਰੀ ਦਮਿੱਤਰੀ ਮੇਦਵੇਦੇਵ ਵੱਲੋਂ ਅਸਤੀਫਾ

*** ਸੱਤਾ ਲਈ ਸੰਘਰਸ਼ ਸ਼ੁਰੂ ਹੋਣ ਲੱਗਾ!**



ਮਾਸਕੋ, 15 ਜਨਵਰੀ, (ਪੋਸਟ ਬਿਊਰੋ)- ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵਲੋਂ ਕਈ ਸੰਵਿਧਾਨਕ ਸੁਧਾਰਾਂ ਦੇ ਐਲਾਨ ਪਿੱਛੋਂ ਓਥੇ ਇੱਕ ਹੈਰਾਨੀ ਵਾਲੇ ਘਟਨਾਕ੍ਰਮ ਦੌਰਾਨ ਅੱਜ ਪ੍ਰਧਾਨ ਮੰਤਰੀ ਨੇ ਅਸਤੀਫਾ ਦੇ ਦਿੱਤਾ। ਰਾਸ਼ਟਰਪਤੀ ਦੇ ਨਾਲ ਟੈਲੀਵਿਜ਼ਨ ਉੱਤੇ ਵਿਖਾਈ ਗਈ ਬੈਠਕ ਵਿਚ ਪ੍ਰਧਾਨ ਮੰਤਰੀ ਦਮਿੱਤਰੀ ਮੇਦਵੇਦੇਵ ਨੇ ਕਿਹਾ ਕਿ ਇਸ ਨਾਲ ਦੇਸ਼ ਵਿਚ ਸੱਤਾ ਸੰਘਰਸ਼ ਵਿਚ ਮਹੱਤਵ ਪੂਰਨ ਬਦਲਾਅ ਹੋਣਗੇ ਅਤੇ ਇਸ ਕਰ ਕੇ ਸਰਕਾਰ ਆਪਣਾ ਅਸਤੀਫਾ ਦੇ ਰਹੀ ਹੈ। ਉਨ੍ਹਾਂ ਨੇ ਆਪਣਾ ਅਸਤੀਫਾ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਸੌਂਪ ਦਿੱਤਾ ਹੈ।

ਅਸਤੀਫਾ ਦੇਣ ਮੌਕੇ ਪ੍ਰਧਾਨ ਮੰਤਰੀ ਮੇਦਵੇਦੇਵ ਨੇ ਕਿਹਾ ਕਿ ਸਾਨੂੰ ਦੇਸ਼ ਦੇ ਰਾਸ਼ਟਰਪਤੀ ਨੂੰ ਮੌਕਾ ਦੇਣਾ ਚਾਹੀਦਾ ਹੈ ਕਿ ਉਹ ਬਦਲਾਅ ਲਈ ਲੋੜੀਂਦੇ ਕਦਮ ਚੁੱਕ ਸਕਣ। ਬਾਕੀ ਸਭ ਫੈਸਲੇ ਰਾਸ਼ਟਰਪਤੀ ਖੁਦ ਹੀ ਲੈਣਗੇ। ਰਾਸ਼ਟਰਪਤੀ ਪੁਤਿਨ ਨੇ ਆਪਣੇ ਪੁਰ-ਾਣੇ ਸਾਥੀ ਦਮਿਤਰੀ ਮੇਦਵੇਦੇਵ ਨੂੰ ਕਿਹਾ ਕਿ ਉਹ ਅਗਲੀ ਸਰਕਾਰ ਬਣਨ ਤੱਕ ਕੰਮ ਕਰੀ ਜਾਣ। ਉਨ੍ਹਾਂ ਕਿਹਾ ਕਿ ਜੋ ਕੁਝ ਵੀ ਕੀਤਾ ਹੈ, ਜੋ ਕੁਝ ਹਾਸਲ ਕੀਤਾ ਗਿਆ, ਉਸ ਦੇ ਨਤੀਜਿਆਂ ਉੱਤੇ ਤਸੱਲੀ ਲਈ ਮੈਂ ਤੁਹਾਡਾ ਧੰਨਵਾਦੀ ਹਾਂ। ਸਭ ਕੁਝ ਨਹੀਂ ਕੀਤਾ ਜਾ ਸਕਿਆ, ਪਰ ਸਭ ਕੁਝ ਹੁੰਦਾ ਵੀ ਨਹੀਂ। ਉਨ੍ਹਾਂ ਸੁਰੱਖਿਆ ਕੌਂਸਲ ਦਾ ਡਿਪਟੀ ਮੁਖੀ ਦਾ ਅਹੁਦਾ ਬਣਾਉਣ ਦੀ ਵੀ ਤਜਵੀਜ਼ ਰੱਖੀ ਤੇ ਸੰਕੇਤ ਹਨ ਕਿ ਮੇਦਵੇਦੇਵ ਇਹ ਅਹੁਦਾ ਸੰਭਾਲਣਗੇ।

ਇਸ ਤੋਂ ਪਹਿਲਾਂ ਰਾਸ਼ਟਰਪਤੀ ਵਲਾਦਮੀਰ ਪੁਤਿਨ ਨੇ ਅੱਜ ਬੁੱਧਵਾਰ ਰੂਸ ਦੇ ਸੰਵਿਧਾਨ ਨਾਲ ਜੁੜੇ ਕਈ ਸੁਧਾਰਾਂ ਲਈ ਰਾਇਸ਼ੁਮਾਰੀ ਦੀ ਤਜਵੀਜ਼ ਦਿੱਤੀ ਸੀ, ਜਿਸ ਨਾਲ ਪਾਰਲੀਮੈਂਟ ਦੀ ਭੂਮਿਕਾ ਤਕੜੀ ਹੋਵੇਗੀ। ਇਹਨਾਂ ਬਦਲਾਵਾਂ ਦੇ ਨਾਲ ਪਾਰਲੀਮੈਂਟ ਨੂੰ ਪ੍ਰਧਾਨ ਮੰਤਰੀ ਤੇ ਕੈਬਨਿਟ ਦੇ ਸੀਨੀਅਰ ਮੰਤਰੀ ਚੁਣਨ ਦਾ ਅਧਿਕਾਰ ਹੋਵੇਗਾ, ਮੌਜੂਦਾ ਪ੍ਰਬੰਧ ਦੇ ਦੌਰਾਨ ਇਹ ਸਾਰਾ ਅਧਿਕਾਰ ਰਾਸ਼ਟਰਪਤੀ ਦੇ ਕੋਲ ਹੈ। ਵਲਾਦੀਮੀਰ ਪੁਤਿਨ ਨੇ ਦੇਸ਼ ਦੇ ਨਾਂ ਸੰਦੇਸ਼ ਵਿੱਚ ਕਿਹਾ ਕਿ ਉਹ ਪਾਰਲੀਮੈਂਟ ਦੇ ਹੇਠਲੇ ਸਦਨ ਡੂਮਾ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਤੈਅ ਕਰਨ ਦੀ ਸ਼ਕਤੀ ਦੇਣਾ ਚਾਹੁੰਦੇ ਹਨ। ਪ੍ਰਧਾਨ ਮੰਤਰੀ ਹੀ ਦੇਸ਼ ਦੇ ਉਪ ਪ੍ਰਧਾਨ ਮੰਤਰੀਆਂ ਅਤੇ ਸਰਕਾਰ ਦੇ ਮੰਤਰੀਆਂ ਦੇ ਨਾਂ ਪਾਰਲੀਮੈਂਟ ਕੋਲ ਪੇਸ਼ ਕਰੇਗਾ। ਪਾਰਲੀਮੈਂਟ ਵੱਲੋਂ ਇਨ੍ਹਾਂ ਨਾਵਾਂ ਦੀ ਮਨਜ਼ੂਰੀ ਪਿੱਛੋਂ ਰਾਸ਼ਟਰਪਤੀ ਇਨ੍ਹਾਂ ਦੀ ਨਿਯੁਕਤੀ ਕਰਨ ਲਈ ਮਜਬੂਰ ਹੋਣਗੇ। ਰਾਸ਼ਟਰਪਤੀ ਨੂੰ ਕਿਸੇ ਵੀ ਕੀਮਤ ਉੱਤੇ ਪਾਰਲੀਮੈਂਟ ਦੇ ਮਨਜ਼ੂਰ ਕੀਤੇ ਨਾਵਾਂ ਨੂੰ ਰੱਦ ਕਰਨ ਦੀ ਖੁੱਲ੍ਹ ਨਹੀਂ ਹੋਵੇਗੀ। ਉਨ੍ਹਾ ਕਿਹਾ ਕਿ ਉਹ ਇਸ ਉੱਤੇ ਬਹੁਤ ਗੰਭੀਰ ਹਨ ਤੇ ਇਸ ਬਾਰੇ ਲੋਕਾਂ ਤੋਂ ਰਾਇਸ਼ੁਮਾਰੀ ਕਰਾਉਣਾ ਚਾਹੁੰਦੇ ਹਨ।

# ਜਹਾਜ਼ ਹਾਦਸੇ ਦੇ ਸਬੰਧ 'ਚ ਇਰਾਨ ਨੇ ਬੋਲਿਆ ਝੂਠ : ਰੂਹਾਨੀ

...ਪੰਨਾ 1 ਦਾ ਬਾਕੀ

ਟੀਵੀ ਉੱਤੇ ਦਿਖਾਈ ਗਈ ਕੈਬਨਿਟ ਦੀ ਮੀਟਿੰਗ ਵਿੱਚ ਰਾਸ਼ਟਰਪਤੀ ਹਸਨ ਰੂਹਾਨੀ ਵੱਲੋਂ ਕੀਤੀਆਂ ਗਈਆਂ ਇਹ ਟਿੱਪਣੀਆਂ ਯੂਰਪ ਨੂੰ ਦਿੱਤੀ ਗਈ ਸਿੱਧੀ ਧਮਕੀ ਮੰਨੀ ਜਾ ਰਹੀ ਹੈ। ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਮਈ 2018 ਵਿੱਚ ਹੋਈ ਡੀਲ ਤੋਂ ਆਪਣੇ ਦੇਸ਼ ਨੂੰ ਪਾਸੇ ਕਰਨ ਤੋਂ ਬਾਅਦ ਤੋਂ ਹੀ ਤਹਿਰਾਨ ਤੇ ਵਾਸ਼ਿੰਗਟਨ ਵਿੱਚ ਤਣਾਅ ਵਧਿਆ ਹੋਇਆ ਹੈ।

ਬੁੱਧਵਾਰ ਨੂੰ ਨਵੀਂ ਦਿੱਲੀ ਵਿੱਚ ਸਿਖਰ ਵਾਰਤਾ ਵਿੱਚ ਹਿਸਾ ਲੈਣ ਆਏ ਇਰਾਨ ਦੇ ਵਿਦੇਸ਼ ਮੰਤਰੀ ਮੁਹੰਮਦ ਜਾਵੇਦ ਜਰੀਫ ਵੱਲੋਂ ਇਸ ਗੱਲ ਨੂੰ ਸਵੀਕਾਰ ਕੀਤੇ ਜਾਣ ਤੋਂ ਬਾਅਦ ਪਹਿਲੀ ਵਾਰੀ ਕਿਸੇ ਇਰਾਨੀ ਅਧਿਕਾਰੀ ਵੱਲੋਂ ਤਹਿਰਾਨ ਦੇ ਉਨ੍ਹਾਂ ਦਾਅਵਿਆਂ ਨੂੰ ਝੂਠ ਦੱਸਿਆ ਗਿਆ ਜਿਸ ਵਿੱਚ ਇਹ ਆਖਿਆ ਗਿਆ ਸੀ ਕਿ ਜਹਾਜ਼ ਵਿਚ ਕਿਸੇ ਤਰ੍ਹਾਂ ਦੀ ਤਕਨੀਕੀ ਖਰਾਬੀ ਕਾਰਨ ਉਹ ਡਿੱਗ ਗਿਆ ਸੀ। ਇਸ ਘਟਨਾਕ੍ਰਮ ਤੋਂ ਬਾਅਦ ਤੋਂ ਹੀ ਇਰਾਨ ਵਿੱਚ ਗੁੱਸੇ ਨਾਲ ਭਰੇ ਲੋਕ ਸੜਕਾਂ ਉੱਤੇ ਉਤਰ ਆਏ ਹਨ।

ਇਰਾਨ ਤੇ ਅਮਰੀਕਾ ਦਰਮਿਆਨ ਤਣਾਅ ਉਸ ਸਮੇਂ ਵਧ ਗਿਆ ਸੀ ਜਦੋਂ ਦੋ ਹਫਤੇ ਪਹਿਲਾਂ ਅਮਰੀਕਾ ਨੇ ਡਰੋਨ ਨਾਲ ਬਗਦਾਦ ਉਤੇ ਹਵਾਈ ਹਮਲਾ ਕਰ ਦਿਤਾ ਸੀ ਤੇ ਉਸ ਵਿਚ ਤਾਕਤਵਰ ਰੈਵੋਲਿਊਸ਼ਨਰੀ ਗਾਰਡ ਜਨਰਲ ਕਾਸਿਮ ਸੁਲੇਮਾਨੀ ਦੀ ਮੌਤ ਹੋ ਗਈ ਸੀ। ਜਨਰਲ ਸੁਲੇਮਾਨੀ ਵਲੋਂ ਇਰਾਨੀ ਪ੍ਰੌਕਸੀ ਸੈਨਿਕਾਂ ਦੀ ਵਿਦੇਸ ਵਿਚ ਅਗਵਾਈ ਕੀਤੀ ਗਈ, ਇਨ੍ਹਾਂ ਵਿਚ ਇਰਾਕ ਵਿਚ ਅਮਰੀਕੀ ਫੌਜੀ ਟੁਕੜੀਆਂ ਉਤੇ ਹੋਏ ਬੰਬ ਧਮਾਕੇ ਵੀ ਸਾਮਲ ਸਨ।

ਬੁਧਵਾਰ ਨੂੰ ਇਰਾਨ ਨੇ ਬਦਲਾਲਊ ਕਾਰਵਾਈ ਤਹਿਤ ਇਰਾਕੀ ਫੌਜੀ ਟਿਕਾਣਿਆਂ ਵਿਚ ਬੈਠੇ ਅਮਰੀਕੀਆਂ ਉਤੇ ਹਵਾਈ ਹਮਲਾ ਕੀਤਾ। ਇਸ ਤੋਂ ਕੁਝ ਦੇਰ ਬਾਅਦ ਹੀ ਇਰਾਨ ਨੇ ਤਹਿਰਾਨ ਦੇ ਇਮਾਮ ਖੁਮੈਨੀ ਇੰਟਰਨੈਸਨਲ ਏਅਰਪੋਰਟ ਤੋਂ ਉਡਾਨ ਭਰਨ ਵਾਲੇ ਯੂਕਰੇਨੀਆਈ ਜਹਾਜ ਨੂੰ ਫੁੰਡ ਦਿਤਾ। ਇਸ ਦੌਰਾਨ ਰੂਹਾਨੀ ਨੇ ਆਖਿਆ ਕਿ ਅਜ ਅਮਰੀਕਾ ਦੇ ਸੈਨਿਕ ਖਤਰੇ ਵਿਚ ਹਨ ਕਲ੍ਹ ਯੂਰਪੀਅਨ ਸੈਨਿਕ ਖਤਰੇ ਵਿਚ ਹੋ ਸਕਦੇ ਹਨ।







GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648









# ਪਛਤਾਵੇ ਦਾ ਪਰਛਾਵਾਂ

–ਦਰਸ਼ਨ ਸਿੰਘ

ਇਹ ਗੱਲ ਉਦੋਂ ਦੀ ਹੈ ਜਦੋਂ ਮੈਂ ਚੌਥੀ ਜਮਾਤ ਵਿੱਚ ਪੜ੍ਹਦਾ ਸੀ। ਮੈਂ ਅਤੇ ਭੋਲਾ ਪੱਕੇ ਆੜੀ ਸਾਂ। ਉਹ ਮੇਰੇ ਨਾਲੋਂ ਹੁਸ਼ਿਆਰ ਸੀ, ਪਰ ਅਸੀਂ ਦੋਵੇਂ ਇਕੋ ਤੱਪੜ ਉਪਰ ਅੱਗੇ ਪਿੱਛੇ ਬੈਠਦੇ ਸੀ। ਘਰੋਂ ਇਕੱਠੇ ਸਕੂਲ ਜਾਂਦੇ, ਪੜ੍ਹਦੇ ਤੇ ਖੇਡਦੇ। ਫਿਰ ਪਤਾ ਨਹੀਂ ਮੇਰੇ ਮਨ ਅੰਦਰ ਉਸ ਪ੍ਰਤੀ ਕਿਉਂ ਈਰਖਾ ਦੀ ਭਾਵਨਾ ਪੈਦਾ ਹੋਣੀ ਸ਼ੁਰੂ ਹੋ ਗਈ। ਜਦੋਂ ਸਾਡੇ ਭੈਣ ਜੀ ਨੇ ਕਿਸੇ ਗੱਲੋਂ ਉਸ ਨੂੰ ਪਿਆਰ ਨਾਲ ਸ਼ਾਬਾਸ਼ ਦੇਣੀ ਤਾਂ ਮੈਂ ਉਸ ਵੱਲ ਦੇਖਦਾ ਰਹਿ ਜਾਣਾ। ਮੇਰੇ ਨਾਲ ਅਜਿਹਾ ਮੌਕਾ ਕਦੇ ਨਾ ਆਉਣਾ। ਇਹ ਈਰਖਾ ਹੌਲੀ-ਹੌਲੀ ਮੇਰੇ ਉਪਰ ਏਨੀ ਭਾਰੂ ਹੋ ਗਈ ਕਿ ਇਕ ਦਿਨ ਮੈਂ ਉਸ ਦੇ ਬਸਤੇ ਵਿੱਚੋਂ ਹਿਸਾਬ ਦੀ ਕਾਪੀ ਕੱਢ ਕੇ ਚੋਰੀ ਛੁਪੇ ਖਿੜਕੀ ਰਾਹੀਂ ਬਾਹਰ ਸੁੱਟ ਦਿੱਤੀ। ਬਾਹਰ ਬਹੁਤ ਸਾਰਾ ਘਾਹ ਫੂਸ ਪਿਆ ਸੀ, ਜਿਸ ਵਿੱਚ ਉਹ ਕਾਪੀ ਦਿਸਣੋਂ ਹਟ ਗਈ। ਹਿਸਾਬ ਦਾ ਕੰਮ ਕਰਨ ਵੇਲੇ ਭੋਲੇ ਨੂੰ ਕਾਪੀ ਨਾ ਹੋਣ ਦਾ ਪਤਾ ਲੱਗਾ। ਉਹ ਕਾਫੀ ਦੇਰ ਇਧਰ ਉਧਰ ਲੱਭਦਾ ਰਿਹਾ, ਪਰ ਕਿਤੇ ਵੀ ਉਸ ਨੂੰ ਕਾਪੀ ਨਜ਼ਰ ਨਾ ਆਈ। ਉਸ ਨੇ ਭੈਣ ਜੀ ਨੂੰ ਸ਼ਿਕਾਇਤ ਲਾਈ ਕਿ ਕਿਸੇ ਨੇ ਉਸ ਦੀ ਕਾਪੀ ਕੱਢ ਲਈ ਹੈ। ਜਮਾਤ ਵਿੱਚ ਸਾਰੇ ਬਸਤਿਆਂ ਦੀ ਤਲਾਸ਼ੀ ਲਈ ਗਈ, ਪਰ ਕਾਪੀ ਕਿਸੇ ਕੋਲੋਂ ਵੀ ਨਾ ਮਿਲੀ।

ਕਾਪੀ ਨਾ ਮਿਲਣ ਕਾਰਨ ਭੈਣ ਜੀ ਨੇ 'ਚੋਰ ਕਹਾਣੀ' ਸੁਣਾ ਕੇ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਚੋਰੀ ਕਰਨਾ ਬਹੁਤ ਵੱਡਾ ਪਾਪ ਹੈ। ਪਾਪ ਤੇ ਪੁੰਨ ਦੀ ਮੈਨੂੰ ਉਸ ਸਮੇਂ ਕੋਈ ਸਮਝ ਨਹੀਂ ਸੀ, ਪਰ ਇਸ ਗੱਲ ਨੇ ਮੇਰੇ ਮਨ ਉਪਰ ਬੋਝ ਜ਼ਰੂਰ ਪਾ ਦਿੱਤਾ। ਮੈਨੂੰ ਬਹੁਤ ਪਛਤਾਵਾ ਹੋਣ ਲੱਗਾ, ਪਰ ਮੇਰੇ ਵਿੱਚ ਏਨੀ ਹਿੰਮਤ ਨਹੀਂ ਆਈ ਕਿ ਇਹ ਗੱਲ ਉਸ ਨੂੰ ਦੱਸ ਸਕਦਾ। ਹਫਤਾ ਹੋਰ ਲੰਘ ਗਿਆ। ਭੋਲੇ ਨੇ ਨਵੀਂ ਕਾਪੀ ਲੈ ਲਈ। ਸਵਾਲ ਹਲ ਕਰਕੇ ਉਹ ਪਹਿਲਾਂ ਵਾਂਗ ਹੀ ਮੈਨੂੰ ਕਾਪੀ ਦੇ ਦਿੰਦਾ ਤੇ ਮੈਂ ਹੂਬਹੂ ਨਕਲ ਕਰਕੇ ਕਾਪੀ ਉਸ ਨੂੰ ਵਾਪਸ ਕਰ ਦਿੰਦਾ। ਉਹ ਜਦੋਂ ਮੈਨੂੰ ਕੋਈ ਸਵਾਲ ਸਮਝਾਉਂਦਾ ਤਾਂ ਮੈਨੂੰ ਆਪਣੇ ਕੀਤੇ ਦਾ ਪਛਤਾਵਾ ਹੋਣ ਲੱਗਦਾ। ਇਸ ਪਛਤਾਵੇ ਦੇ ਭਾਰ ਨੇ ਮੈਨੂੰ ਏਨਾ ਦੱਬ ਲਿਆ ਕਿ ਇਕ ਦਿਨ ਮੈਂ ਆਪਣੀ ਮਾਂ ਨੂੰ ਸਾਰੀ ਗੱਲ ਸੱਚੋ-ਸੱਚ ਦੱਸ ਦਿੱਤੀ ਅਤੇ ਇਹ ਵੀ ਦੱਸਿਆ ਕਿ ਮੈਂ ਅਜਿਹਾ ਕਿਉਂ ਕੀਤਾ ਸੀ। ਮੇਰੀ ਮਾਂ ਨੇ ਸਾਰੀ ਗੱਲ ਧਿਆਨ ਨਾਲ ਸੁਣੀ ਅਤੇ ਨਾਲ ਹੀ ਮੇਰੇ ਕੰਨ ਖਿੱਚਦਿਆਂ ਗੁੱਸੇ ਵਿੱਚ ਮੈਨੂੰ ਬਹੁਤ ਝਿੜਕਾਂ ਦਿੱਤੀਆਂ। ਉਹ ਮੈਨੂੰ ਕਾਫੀ ਦੇਰ ਤਕ ਸਮਝਾਉਂਦੀ ਰਹੀ ਕਿ ਇਹ ਹਰਕਤ ਜ਼ਿੰਦਗੀ ਵਿੱਚ ਮੁੜ ਕਦੇ ਨਹੀਂ ਕਰਨੀ। ਏਦਾਂ ਦੀਆਂ ਸਿੱਖਿਆਵਾਂ ਦਾ ਮੇਰੇ ਉਤੇ ਪਹਿਲਾਂ ਵੀ ਕਾਫੀ ਪ੍ਰਭਾਵ ਸੀ, ਪਰ ਪਤਾ ਨਹੀਂ ਕਾਪੀ ਬਾਹਰ ਸੁੱਟਣ ਵੇਲੇ ਮੇਰੀ ਸੋਚ ਨੂੰ ਕਿਹੜਾ ਲਕਵਾ ਮਾਰ ਗਿਆ ਸੀ।

ਮੇਰੀ ਮਾਂ ਅਗਲੇ ਦਿਨ ਮੈਨੂੰ ਬਿਨਾਂ ਦੱਸੇ ਸਕੂਲ ਆ ਗਈ। ਮਾਂ ਨੂੰ ਅਚਾਨਕ ਜਮਾਤ ਵਿੱਚ ਆਇਆਂ ਦੇਖ ਕੇ ਮੈਂ ਡਰ ਨਾਲ ਕੰਬਣ ਲੱਗਾ। ਮਾਂ ਨੇ ਭੈਣ ਜੀ ਨੂੰ ਕਾਪੀ ਸਕੂਲ ਦੇ ਕਮਰੇ ਵਿੱਚੋਂ ਬਾਹਰ ਸੁੱਟਣ ਦੀ ਮੇਰੀ ਹਰਕਤ ਬਾਰੇ ਜਾਣਕਾਰੀ ਦਿੰਦਿਆਂ ਮੇਰੀ ਤਰਫੋਂ ਉਨ੍ਹਾਂ ਕੋਲੋਂ ਮੁਆਫੀ ਮੰਗੀ। ਭੈਣ ਜੀ ਨੇ ਮੈਨੂੰ ਆਪਣੇ ਕੋਲ ਸੱਦਿਆ, ਪਿਆਰ ਕੀਤਾ ਤੇ ਅੱਗੇ ਤੋਂ ਅਜਿਹਾ ਕਦੀ ਨਾ ਕਰਨ ਲਈ ਕਿਹਾ। ਇਹ ਸਾਰੀ ਗੱਲ ਮੇਰੀ ਮਾਂ ਤੇ ਭੈਣ ਜੀ ਵਿਚਾਲੇ ਹੀ ਰਹੀ, ਸਕੂਲ ਵਿੱਚ ਕਿਸੇ ਹੋਰ ਨੂੰ ਇਸ ਦੀ ਭਿਣਕ ਵੀ ਨਾ ਪਈ। ਮੈਂ ਬੇਇੱਜ਼ਤ ਹੋਣ ਤੋਂ ਬਚ ਗਿਆ। ਪਤਾ ਹੀ ਨਾ ਲੱਗਿਆ ਕਿ ਕਦੋਂ ਭੈਣ ਜੀ ਬਾਹਰ ਗਏ ਅਤੇ ਘਾਹ ਫੂਸ ਵਿੱਚੋਂ ਕਾਪੀ ਨੂੰ ਚੁੱਕ ਲਿਆਏ। ਉਨ੍ਹਾਂ ਨੇ ਇਸ ਬਾਰੇ ਭੋਲੇ ਨੂੰ ਵੀ ਨਾ ਦੱਸਿਆ, ਪਰ ਇਹ ਸਿੱਖਿਆ ਸਭ ਨੂੰ ਦਿੱਤੀ ਕਿ ਗਲਤੀ ਕਰਕੇ ਮੰਨ ਲੈਣਾ ਕੋਈ ਗਲਤੀ ਨਹੀਂ ਹੁੰਦੀ।

ਸਾਡਾ ਇਹ ਪ੍ਰਾਇਮਰੀ ਸਕੂਲ ਸੀ। ਪੰਜਵੀਂ ਜਮਾਤ ਪਾਸ ਕਰਨ ਪਿੱਛੋਂ ਅਸੀਂ ਹਾਈ ਸਕੂਲ ਵਿੱਚ ਦਾਖਲ ਹੋ ਗਏ। ਛੇਵੀਂ ਤੋਂ ਦਸਵੀਂ ਤੱਕ ਮੈਂ ਅਤੇ ਭੋਲਾ ਇਕੱਠੇ ਪੜ੍ਹੇ, ਖੇਡੇ ਅਤੇ ਇਕੱਠੇ ਸਕੂਲ ਗਏ, ਪਰ ਮਨ ਦੀ ਇਹ ਗੱਲ ਸਦਾ ਉਸ ਤੋਂ ਲੁਕੋਈ ਰੱਖੀ। ਉਸ ਨੂੰ ਦੱਸਣ ਦਾ ਕਦੀ ਹੌਸਲਾ ਹੀ ਨਾ ਪਿਆ। ਕੋਈ ਝਿਜਕ ਸਦਾ ਹੀ ਮੈਨੂੰ ਇਹ ਗੱਲ ਦੱਸਣ ਤੋਂ ਰੋਕਦੀ ਰਹੀ। ਪਹਿਲਾਂ ਇਸ ਨੂੰ ਗੰਭੀਰਤਾ ਨਾਲ ਨਹੀਂ ਲੈਂਦਾ ਹੁੰਦਾ ਸੀ, ਪਰ ਹੁਣ ਇਹ ਪਛਤਾਵਾ ਪਰਛਾਵੇਂ ਵਾਂਗ ਮੇਰੇ ਨਾਲ ਚੱਲਿਆ ਜਾ ਰਿਹਾ ਹੈ। ਇਸ ਗੱਲ ਨੂੰ ਹੁਣ ਪੰਜਾਹ ਵਰ੍ਹੇ ਤੋਂ ਉਪਰ ਸਮਾਂ ਬੀਤ ਗਿਆ ਹੈ। ਭੋਲਾ ਵੀ ਪਤਾ ਨਹੀਂ ਕਿੱਥੇ ਹੈ। ਸਰੀਰਕ ਅਤੇ ਮਾਨਸਿਕ ਤੌਰ 'ਤੇ ਹੁਣ ਮੇਰੇ ਵਿੱਚ ਬਹੁਤ ਕੁਝ ਬਦਲ ਗਿਆ ਹੈ। ਬਹੁਤ ਸਾਰੇ ਨਵੇਂ ਅਨੁਭਵ ਹੋ ਗਏ ਹਨ। ਜ਼ਿੰਦਗੀ ਨੂੰ ਜੀਣ ਦੀਆਂ ਕਈ ਸੇਧਾਂ ਮਿਲ ਗਈਆਂ, ਪਰ ਬਚਪਨ ਦੀਆਂ ਬਹੁਤ ਸਾਰੀਆਂ ਗੱਲਾਂ ਨਾਲ ਇਹ ਪਛਤਾਵਾ ਵੀ ਉਸੇ ਤਰ੍ਹਾਂ ਦਿਮਾਗ ਦੀ ਕਿਸੇ ਨੁੱਕਰੇ ਪਿਆ ਹੋਇਆ ਹੈ।

## ਹਲਕਾ ਫੁਲਕਾ



ਪੱਪੂ, ''ਸਾਡੇ ਟੌਮੀ ਨੇ ਮੇਰੀ ਸਾਰੀ ਕਿਤਾਬ ਖਾ ਲਈ।''
ਪ੍ਰੀਤਮ, ''ਉਸ ਨੂੰ ਮੇਰੇ ਕੋਲ ਲੈ ਕੇ ਆ, ਮੈਂ ਉਸ ਨੂੰ ਸਜ਼ਾ ਦੇਵਾਂਗਾ।''
ਪੱਪੂ, ''ਸਜ਼ਾ ਤਾਂ ਮੈਂ ਉਸ ਨੂੰ ਦੇ ਦਿੱਤੀ, ਉਸ ਦੀ ਕੌਲੀ ਵਾਲਾ ਦੁੱਧ ਮੈਂ ਪੀ ਗਿਆ।''

********

ਕੁੜੀ, ''ਮੇਰੇ ਚਿਹਰੇ 'ਤੇ ਜਲਨ ਹੋ ਰਹੀ ਹੈ।''
ਡਾਕਟਰ, ''ਤੁਹਾਡੇ ਚਿਹਰੇ ਦਾ ਐਕਸ ਰੇਅ ਕਰਨਾ ਪਵੇਗਾ।''
ਕੁੜੀ, ''ਐਕਸ ਰੇਅ ਵਿੱਚ ਕੀ ਹੁੰਦਾ ਹੈ?''
ਡਾਕਟਰ, ''ਚਿਹਰੇ ਦੀ ਫੋਟੋ ਖਿੱਚੀ ਜਾਂਦੀ ਹੈ।''
ਕੁੜੀ, ''ਪੰਜ ਮਿੰਟੋ ਰੁਕੋ, ਮੈਂ ਮੇਕਅਪ ਕਰ ਲਵਾਂ।''

********

ਇੱਕ ਆਦਮੀ ਘਰ ਵਿੱਚ ਡੀ ਵੀ ਡੀ ਦੇਖ ਰਿਹਾ ਸੀ ਅਤੇ ਜ਼ੋਰ-ਸ਼ੋਰ ਨਾਲ ਚੀਕਣ ਲੱਗਾ, 'ਨਹੀਂ ਨਹੀਂ ਘੋੜੇ ਤੋਂ ਨਾ ਉਤਰ, ਪਾਗਲ ਨਾ ਉਤਰ, ਇਹ ਇੱਕ ਚਾਲ ਹੈ। ਇਥੇ ਜਾਲ ਵਿਛਿਆ ਹੈ। ਕੁੱਤੇ ਦੀ ਮੌਤ ਮਰੇਂਗਾ ਸਾਲਿਆ।'
ਪਤਨੀ ਬੋਲੀ, ''ਕਿਹੜੀ ਫਿਲਮ ਦੇਖ ਰਹੇ ਹੋ?''
ਆਦਮੀ, ''ਆਪਣੇ ਵਿਆਹ ਦੀ ਡੀ ਵੀ ਡੀ ਹੈ।''

# ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਤੇ ਆਜ਼ਾਦ ਭਾਰਤ

–ਦਲਬੀਰ ਸਿੰਘ ਧਾਲੀਵਾਲ

ਭਾਰਤ ਵਾਸੀਆਂ ਨੂੰ ਇਸ ਗੱਲ ਦਾ ਬਹੁਤ ਫਖਰ ਹੋਣਾ ਚਾਹੀਦਾ ਹੈ ਕਿ ਸਾਡੇ ਦੇਸ਼ ਵਿੱਚ ਭਗਤ ਸਿੰਘ ਵਰਗੇ ਮਹਾਨ ਆਜ਼ਾਦੀ ਪ੍ਰਵਾਨੇ ਪੈਦਾ ਹੋਏ, ਜਿਨ੍ਹਾਂ ਨੇ ਆਪਣੀਆਂ ਜੁਆਨੀਆਂ ਤੇ ਸਾਰੀਆਂ ਖੁਸ਼ੀਆਂ ਫਾਂਸੀ ਤਖਤਿਆਂ ਦੇ ਲੇਖੇ ਲਾ ਕੇ ਭਾਰਤ ਨੂੰ ਗੁਲਾਮੀ ਦੇ ਕੋਹੜ ਤੋਂ ਮੁਕਤ ਕਰਵਾਇਆ। ਭਗਤ ਸਿੰਘ ਹੋਰਾਂ ਦੀਆਂ ਸ਼ਹਾਦਤਾਂ ਬਦਲੇ ਮਿਲੀ ਆਜ਼ਾਦੀ ਉਪਰੰਤ ਭਾਰਤ ਦੋ ਦੇਸ਼ਾਂ ਵਿੱਚ ਵੰਡਿਆ ਗਿਆ। ਇਹ ਆਜ਼ਾਦੀ ਪ੍ਰਵਾਨੇ ਅਜਿਹੀ ਵੰਡ ਨਹੀਂ ਸਨ ਚਾਹੁੰਦੇ। ਉਨ੍ਹਾਂ ਦੀਆਂ ਸ਼ਹਾਦਤਾਂ ਭਾਰਤ ਦੇ ਸਮੁੱਚੇ ਲੋਕਾਂ ਲਈ ਸਨ, ਨਾ ਕਿ ਕਿਸੇ ਖਾਸ ਫਿਕਰੇ, ਜਾਤ ਜਾਂ ਧਰਮ ਲਈ। ਅਣਵੰਡੇ ਭਾਰਤ ਦੇ ਸੂਬਾ ਪੰਜਾਬ ਦੇ ਜ਼ਿਲਾ ਲਾਇਲਪੁਰ (ਹੁਣ ਪਾਕਿਸਤਾਨ ਵਿੱਚ) ਦੇ ਪਿੰਡ ਬੰਗਾ ਵਿੱਚ ਭਗਤ ਸਿੰਘ ਦਾ ਜਨਮ ਇੱਕ ਦੇਸ਼ ਭਗਤ ਪਰਵਾਰ ਵਿੱਚ ਮਾਤਾ ਵਿਦਿਆਵਤੀ ਤੇ ਪਿਤਾ ਕਿਸ਼ਨ ਸਿੰਘ ਦੇ ਘਰ ਹੋਇਆ। ਇਹ ਪਰਵਾਰ ਦੇਸ਼ ਵੰਡ ਤੋਂ ਬਾਅਦ ਸਾਡੇ ਦੇਸ਼ ਦੇ ਮੌਜੂਦਾ ਸੂਬਾ ਪੰਜਾਬ ਦੇ ਪਿੰਡ ਖਟਕੜ ਕਲਾਂ (ਮੌਜੂਦਾ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ) ਵਿਖੇ ਵੱਸ ਗਿਆ। ਭਗਤ ਸਿੰਘ ਸ਼ਹੀਦ ਤਾਂ ਦੋਵਾਂ ਦੇਸ਼ਾਂ ਦਾ ਸਾਂਝਾ ਸੀ, ਪਰ ਸਿਆਸੀ ਤੇ ਫਿਰਕੂ ਭਾਵਨਾਵਾਂ ਕਰ ਕੇ ਪਾਕਿਸਤਾਨ ਵਿੱਚ ਲਾਹੌਰ ਦੇ ਕੇਂਦਰੀ ਹਿੱਸੇ ਵਿੱਚ ਸਥਿਤ ਸ਼ਾਮਦਾਨ ਚੌਕ, ਜਿਥੇ ਭਗਤ ਸਿੰਘ ਅਤੇ ਸਾਥੀਆਂ ਨੂੰ ਫਾਂਸੀ ਦਿੱਤੀ ਗਈ ਸੀ, ਦਾ ਨਾਮ ਸ਼ਹੀਦ ਭਗਤ ਸਿੰਘ ਚੌਕ ਰੱਖਣ ਅਤੇ ਉਥੇ ਭਗਤ ਸਿੰਘ ਦਾ ਬੁੱਤ ਲਾਉਣ ਲਈ ਉਥੋਂ ਦੇ ਹਾਕਮਾਂ ਵੱਲੋਂ ਨਾਂਹ ਨੁੱਕਰ ਕੀਤੀ ਜਾ ਰਹੀ ਹੈ। ਦੂਜੀ ਮਿਸਾਲ ਸਾਡੇ ਆਪਣੇ ਆਜ਼ਾਦ ਦੇਸ਼ ਦੀ ਹੈ। ਸ਼ਹੀਦ ਭਗਤ ਸਿੰਘ ਦਾ ਪਰਿਵਾਰਕ ਸਬੰਧ ਪੰਜਾਬ ਨਾਲ ਹੋਣ ਕਰਕੇ ਪੰਜਾਬੀ ਮੰਨਦੇ ਹੋਏ ਹਰਿਆਣਾ ਦੇ ਆਗੂ ਵੀ ਉਸ ਨੂੰ ਸਾਂਝਾ ਸ਼ਹੀਦ ਨਾ ਮੰਨਣ ਵਾਲੀ ਭਾਵਨਾ ਆਪਣੇ ਦਿਲਾਂ ਵਿੱਚ ਰੱਖੀ ਫਿਰਦੇ ਹਨ।

ਸਾਡੇ ਦੇਸ਼ ਵਿੱਚ ਕਈ ਵਿਅਕਤੀ ਅਜਿਹੇ ਵੀ ਹੋਏ ਹਨ, ਜੋ ਭਗਤ ਸਿੰਘ ਦੀ ਵਿਚਾਰਧਾਰਾ ਦੇ ਦੀਵਾਨੇ ਰਹੇ ਹਨ। ਉਨ੍ਹਾਂ ਦਾ ਨਾਂ ਅੱਜ ਵੀ ਭਾਰਤੀ ਇਤਿਹਾਸ ਵਿੱਚ ਵਿਸ਼ੇਸ਼ ਤੌਰ 'ਤੇ ਜਾਣਿਆ ਜਾਂਦਾ ਹੈ, ਚਾਹੇ ਇਹ ਵਿਅਕਤੀ ਕਿਸੇ ਵੀ ਧਰਮ ਜਾਂ ਰੁਤਬੇ ਨਾਲ ਸਬੰਧ ਰੱਖਦੇ ਸਨ। ਮਿਸਾਲ ਵਜੋਂ ਅੰਗਰੇਜ਼ ਸਰਕਾਰ ਦੀਆਂ ਖੁਫੀਆ ਫਾਈਲਾਂ ਵਿੱਚ ਦਰਜ ਵਿਸ਼ੇਸ਼ ਜਾਣਕਾਰੀ, ਜੋ ਪੰਜਾਬ ਦੇ ਇਕ ਸੀਨੀਅਰ ਆਈ ਏ ਐਸ ਅਧਿਕਾਰੀ ਤੋਂ ਮਿਲੀ ਸੀ, ਅਨੁਸਾਰ ਭਗਤ ਸਿੰਘ ਤੇ ਸਾਥੀਆਂ ਨੂੰ ਲਾਹੌਰ ਜੇਲ ਵਿੱਚ ਜਦੋਂ ਫਾਂਸੀ ਹੋਈ ਤਾਂ ਉਸ ਜੇਲ ਦੇ ਡਿਪਟੀ ਸੁਪਰਡੈਂਟ ਮੁਹੰਮਦ ਅਕਬਰ ਖਾਂ ਇਸ ਫਾਂਸੀ ਤੋਂ ਦੁਖੀ ਹੋ ਕੇ ਹਮਦਰਦੀ ਵਜੋਂ ਅਥਰੂ ਨਹੀਂ ਸੀ ਰੋਕ ਸਕੇ। ਇਸ ਹਮਦਰਦੀ ਦਾ ਖਮਿਆਜ਼ਾ ਉਨ੍ਹਾਂ ਨੂੰ ਬਾਅਦ ਵਿੱਚ ਨੌਕਰੀ ਤੋਂ ਬਰਖਾਸਤੀ ਦੀ ਸੂਰਤ ਵਿੱਚ ਭੁਗਤਣਾ ਪਿਆ ਸੀ। ਭਗਤ ਸਿੰਘ ਹੁਰਾਂ ਦੇ ਅਦਾਲਤੀ ਕੇਸ ਵਿੱਚ 457 ਗਵਾਹ ਸਨ ਜਿਨ੍ਹਾਂ ਵਿੱਚ ਸਰਕਾਰੀ ਗਵਾਹਾਂ ਦੀ ਜੁੰਡਲੀ ਵਿੱਚ ਹੰਸਰਾਜ ਵੋਹਰਾ, ਜੈ ਗੁਪਾਲ, ਪੀ ਐਨ ਘੋਸ਼ ਤੇ ਮਨਮੋਹਨ ਬੈਨਰਜੀ ਸ਼ਾਮਲ ਸਨ। ਇਨ੍ਹਾਂ ਵੱਲੋਂ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਖਿਲਾਫ ਦਿੱਤੀਆਂ ਗਵਾਹੀਆਂ ਬਦਲੇ ਜੈ ਗੋਪਾਲ ਨੂੰ 20,000 ਰੁਪਏ ਨਕਦ ਇਨਾਮ ਅਤੇ ਪੀ ਐਨ ਘੋਸ਼ ਤੇ ਮਨਮੋਹਨ ਬੈਨਰਜੀ ਨੂੰ ਬਿਹਾਰ ਦੇ



ਜ਼ਿਲਾ ਚੰਪਾਰਨ ਵਿੱਚ 50-50 ਏਕੜ ਜ਼ਮੀਨ ਦਿੱਤੀ ਗਈ ਸੀ। ਹੰਸਰਾਜ ਵੋਹਰਾ ਨੇ ਸਰਕਾਰ ਤੋਂ ਕੋਈ ਆਰਥਿਕ ਮਦਦ ਨਾ ਲੈ ਕੇ ਲੰਡਨ ਯੂਨੀਵਰਸਿਟੀ ਆਫ ਇਕਨਾਮਿਕਸ ਵਿੱਚ ਪੜ੍ਹਨ ਦੀ ਸਹੂਲਤ ਲੈ ਲਈ। ਉਸ ਨੇ ਬਾਅਦ ਵਿੱਚ ਮਿਲਟਰੀ ਗਜ਼ਟ ਲਾਹੌਰ ਲਈ ਪੱਤਰਕਾਰ ਵਜੋਂ ਨੌਕਰੀ ਕਰ ਲਈ ਸੀ। ਇਨ੍ਹਾਂ ਤੋਂ ਇਲਾਵਾ ਲਾਹੌਰ ਸੈਂਟਰਲ ਜੇਲ ਦੇ ਸੁਪਰਡੈਂਟ ਮੇਜਰ ਪੀ ਡੀ ਚੋਪੜਾ ਨੂੰ ਡੀ ਆਈ ਜੀ ਜੇਲ, ਆਈ ਜੀ ਜੇਲ ਲੈਫਟੀਨੈਂਟ ਕਰਨਲ ਐਫ ਏ ਵਰਕਰ ਨੂੰ ਨਾਇਟਹੁੱਡ/ ਸਰ ਦੀ ਉਪਾਧੀ ਅਤੇ ਭਗਤ ਸਿੰਘ ਹੁਰਾਂ ਦੇ ਕੇਸ ਦੇ ਜਾਂਚ ਅਧਿਕਾਰੀ ਐਸ ਪੀ ਖਾਨ ਬਹਾਦਰ ਅਬਦਲ ਅਜੀਜ਼ ਨੂੰ ਡੀ ਆਈ ਜੀ ਨਿਯੁਕਤ ਕੀਤਾ ਗਿਆ ਸੀ ਜੇਲ ਵਿੱਚ ਭਗਤ ਸਿੰਘ ਦੀ ਬੈਰਕ ਦੀ ਸਫਾਈ ਕਰਨ ਵਾਲਾ ਬੋਘਾ ਨਾਂ ਦਾ ਸਫਾਈ ਸੇਵਕ ਸੀ। ਉਹ ਭਗਤ ਸਿੰਘ ਦੇ ਵਿਚਾਰਾਂ ਵਿੱਚ ਡੂੰਘੀ ਰੁਚੀ ਲੈਂਦਾ ਸੀ। ਸ਼ਹੀਦ ਭਗਤ ਸਿੰਘ ਦਾ ਉਸ ਨਾਲ ਚੰਗਾ ਪਿਆਰ ਸੀ। ਭਗਤ ਸਿੰਘ ਉਸ ਨੂੰ ਪਿਆਰ ਨਾਲ ਕਹਿੰਦਾ ਕਿ ਬੋਘਿਆ ਤੇਰੇ ਹੱਥ ਦੀ ਰੋਟੀ ਖਾਣ ਨੂੰ ਬੜਾ ਦਿਲ ਕਰਦਾ ਹੈ। ਬੋਘੇ ਨੇ ਕਿਹਾ ਕਿ ਭਗਤ ਸਿੰਘ ਤੂੰ ਉਚ ਜਾਤੀ ਦਾ ਸਰਦਾਰ ਤੇ ਮੈਂ ਨੀਵੀਂ ਜਾਤੀ ਵਾਲਾ ਸਫਾਈ ਕਰਮਚਾਰੀ ਹਾਂ, ਤੂੰ ਮੇਰੇ ਹੱਥੋਂ ਰੋਟੀ ਕਿਵੇਂ ਖਾ ਲਏਂਗਾ। ਅਖੀਰ ਭਗਤ ਸਿੰਘ ਨੇ ਫਾਂਸੀ ਤੋਂ ਦੋ ਦਿਨ ਪਹਿਲਾਂ ਫਿਰ ਕਿਹਾ ਕਿ 'ਬੋਘਿਆ ਮੈਨੂੰ ਪਰਸੋਂ ਫਾਂਸੀ ਲੱਗ ਜਾਣੀ ਐ, ਹੁਣ ਤਾਂ ਮੇਰੀ ਆਖਰੀ ਇੱਛਾ ਪੂਰੀ ਕਰਦੇ।' ਬੋਘੇ ਨੇ ਜਦੋਂ ਭਗਤ ਸਿੰਘ ਨੂੰ ਰੋਟੀ ਬਣਾ ਕੇ ਖਵਾਈ ਤਾਂ ਭਗਤ ਸਿੰਘ ਨੇ ਉਸ ਨੂੰ ਪਿਆਰ ਨਾਲ ਗਲੱਵਕੜੀ ਵਿੱਚ ਲਿਆ। ਬੋਘਾ ਰੋਂਦਾ ਹੋਇਆ ਭੁੱਬਾਂ ਮਾਰਦਾ ਕਹਿਣਾ ਲੱਗਾ ਕਿ ਭਗਤ ਸਿੰਘ ਸ਼ੇਰਾ ਤੇਰੇ ਵਰਗੇ ਸੂਰਬੀਰ ਵਾਰ-ਵਾਰ ਨਹੀਂ ਜੰਮਣੇ, ਭਗਤ ਸਿੰਘ ਤੇਰੀ ਘਾਟ ਦੇਸ਼ ਨੂੰ ਸਦਾ ਖਟਕਦੀ ਰਹੇਗੀ। ਇਹ ਸੁਣ ਕੇ ਭਗਤ ਸਿੰਘ ਨੇ ਉਸ ਨੂੰ ਕਿਹਾ ਕਿ ਦੇਖੀਂ ਬੋਘਿਆ ਹੁਣ ਦੇਸ਼ ਆਜ਼ਾਦ ਹੋ ਜਾਣਾ ਹੈ, ਇਥੇ ਸਭ ਨਫਰਤਾਂ, ਵਿਤਕਰੇ, ਜਾਤ ਪਾਤ ਤੇ ਗਰੀਬੀ ਦੀਆਂ ਦੀਵਾਰਾਂ ਢਹਿ ਜਾਣਗੀਆਂ ਤੇ ਸਭ ਲੋਕ ਇਥੇ ਆਜ਼ਾਦ ਭਾਰਤ ਵਿੱਚ ਖੁਸ਼ੀ ਤੇ ਸਮਾਨਤਾ ਨਾਲ ਵਸਣਗੇ।

ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ 23 ਮਾਰਚ 1931 ਨੂੰ ਸ਼ਹੀਦੀ ਜਾਮ ਪੀ ਗਏ। ਇਨ੍ਹਾਂ ਸ਼ਹਾਦਤਾਂ ਸਦਕਾ ਦੇਸ਼ ਨੂੰ 15 ਅਗਸਤ 1947 ਨੂੰ ਆਜ਼ਾਦੀ ਮਿਲੀ, ਪਰ ਅਫਸੋਸ ਦੀ ਗੱਲ ਹੈ ਕਿ ਜਿਹੜੀਆਂ ਉਮੀਦਾਂ ਲੈ ਕੇ ਸ਼ਹੀਦਾਂ ਨੇ ਮੁਲਕ ਦੀ ਆਜ਼ਾਦੀ ਲਈ ਆਪਣੀ ਜਾਨਾਂ ਕੁਰਬਾਨ ਕੀਤੀਆਂ ਸਨ ਤੇ ਜਿਹੜੀ ਸੋਚ ਲੈ ਕੇ ਅੰਗਰੇਜ਼ੀ ਹਕੂਮਤ ਨਾਲ ਆਢਾ ਲਿਆ ਸੀ, ਉਹ ਪੂਰੀ ਨਾ ਹੋਈ। ਬੇਸ਼ੱਕ ਭਾਰਤ ਆਜ਼ਾਦ ਹੋ ਗਿਆ ਤੇ ਸੱਤਾ ਸਾਡੇ ਆਪਣੇ ਲੋਕਾਂ ਦੇ ਹੱਥ ਆ ਗਈ, ਇਸ ਦੇ ਬਾਵਜੂਦ ਇਹ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਭਾਰਤ ਨਹੀਂ ਬਣ ਸਕਿਆ।

# ਵਾਤਾਵਰਨ ਪ੍ਰਦੂਸ਼ਣ ਸਿਰਫ ਦਿੱਲੀ ਹੀ ਨਹੀਂ ਪੂਰੇ ਭਾਰਤ ਲਈ ਖਤਰਾ

–ਆਕਾਰ ਪਟੇਲ

ਅੱਸੀ ਦੇ ਦਹਾਕੇ ਦੇ ਅਖੀਰ ਅਤੇ ਨੱਬੇ ਦੇ ਸ਼ੁਰੂ ਦੌਰਾਨ ਕਈ ਸਾਲਾਂ ਤੱਕ ਮੈਂ ਆਪਣੇ ਪਰਵਾਰਕ ਟੈਕਸਟਾਈਲ ਕਾਰੋਬਾਰ ਵਿੱਚ ਕੰਮ ਕਰਦਾ ਸੀ। ਸਾਡੀ ਫੈਕਟਰੀ ਅੰਕਲੇਸ਼ਵਰ ਵਿੱਚ ਸੀ। ਇਹ ਉਦਯੋਗਿਕ ਅਸਟੇਟ ਸਾਡੇ ਗ੍ਰਹਿ ਨਗਰ ਸੂਰਤ ਤੋਂ ਰੇਲ ਗੱਡੀ ਦੇ ਇੱਕ ਘੰਟੇ ਦੇ ਸਫਰ ਦੀ ਦੂਰੀ ਉੱਤੇ ਸੀ। ਮੈਂ ਆਮ ਤੌਰ ਉੱਤੇ ਦੁਪਹਿਰ ਵੇਲੇ ਫੈਕਟਰੀ ਵਿੱਚ ਪਹੁੰਚਦਾ ਸੀ ਤੇ ਦੇਰ ਸ਼ਾਮ ਪਰਤਦਾ ਸੀ। ਕਾਰੋਬਾਰ ਕੋਈ ਚੰਗਾ ਨਹੀਂ ਚੱਲ ਰਿਹਾ ਸੀ ਅਤੇ 1991 ਵਿੱਚ ਮਨਮੋਹਨ ਸਿੰਘ ਵੱਲੋਂ ਭਾਰਤੀ ਅਰਥ ਵਿਵਸਥਾ ਦਾ ਉਦਾਰੀਕਰਨ ਕੀਤੇ ਜਾਣ ਪਿੱਛੋਂ ਸਾਡੇ ਲਈ ਹੋਰਨਾਂ ਨਾਲ ਮੁਕਾ-ਬਲਾ ਕਰਨਾ ਮੁਸ਼ਕਲ ਹੋ ਗਿਆ ਸੀ। ਇਸ ਲਈ ਕੁਝ ਸਾਲਾਂ ਬਾਅਦ ਅਸੀਂ ਇਸ ਨੂੰ ਬੰਦ ਕਰ ਦਿੱਤਾ। ਸਾਡੀ ਫੈਕਟਰੀ ਵਿੱਚ ਪੋਲਿਸਟਰ ਧਾਗੇ ਨੂੰ 'ਟੈਕਸਚੁਰਾਈਜ਼ਿੰਗ' ਨਾਂਅ ਦੀ ਇੱਕ ਪ੍ਰਕਿਰਿਆ 'ਚੋਂ ਲੰਘਾਇਆ ਜਾਂਦਾ ਸੀ, ਜਿਸ ਨਾਲ ਇਸ ਦਾ ਪਲਾਸਟਿਕ ਵਰਗਾ ਚਿਪਚਿਪਾਪਣ ਖਤਮ ਹੋ ਜਾਂਦਾ ਸੀ ਤੇ ਇਹ ਪਹਿਨਣ ਯੋਗ ਹੋ ਜਾਂਦਾ ਸੀ। ਇਹ ਕੰਮ ਬਹੁਤ ਹਾਈ ਸਪੀਡ ਨਾਲ ਚੱਲਣ ਵਾਲੀਆਂ ਮਸ਼ੀਨਾਂ 'ਤੇ ਕੀਤਾ ਜਾਂਦਾ ਸੀ ਅਤੇ ਇਸ ਲਈ ਬਹੁਤ ਵੱਡੇ ਏਅਰ ਕੰਡੀਸ਼ਨਿੰਗ ਪਲਾਂਟ ਅਤੇ ਕੂਲਿੰਗ ਟਾਵਰ ਦੀ ਲੋੜ ਹੁੰਦੀ ਸੀ। ਇੱਕ ਦਿਨ ਕੂਲਿੰਗ ਟਾਵਰ ਦੇ ਉਪਰਲੇ ਹਿੱਸੇ ਵਿੱਚ ਪਾਣੀ ਸਪਲਾਈ ਕਰਨ ਵਾਲਾ ਬਹੁਤ ਵੱਡਾ ਪਾਈਪ ਇਸ ਤਰ੍ਹਾਂ ਫਟ ਗਿਆ, ਜਿਸ ਤਰ੍ਹਾਂ ਇਹ ਧਾਤੂ ਦਾ ਨਾ ਹੋ ਕੇ ਪਾਪੜ ਦਾ ਬਣਿਆ ਹੋਵੇ। ਮੈਨੂੰ ਸਮਝ ਨਾ ਆਇਆ ਕਿ ਇਹ ਕਿਵੇਂ ਹੋ ਗਿਆ? ਉਸ ਸ਼ਾਮ ਮੈਂ ਆਮ ਨਾਲੋਂ ਵੱਧ ਸਮਾਂ ਫੈਕਟਰੀ ਵਿੱਚ ਰੁਕਿਆ ਰਿਹਾ। ਜਦੋਂ 6.30 ਵਜੇ ਦੇ ਕਰੀਬ ਮੈਂ ਸਟੇਸ਼ਨ ਵੱਲ ਜਾ ਰਿਹਾ ਸੀ ਤਾਂ ਮੇਰਾ ਗਲਾ ਇੱਕ ਅਜਿਹੇ ਧੂੰਏਂ ਨਾਲ ਭਰ ਗਿਆ, ਜੋ ਪੂਰੀ ਤਰ੍ਹਾਂ ਤੇਜ਼ਾਬੀ ਸੀ।

ਸਾਡੇ ਨੇੜੇ ਇੱਕ ਹੋਰ ਫੈਕਟਰੀ ਦਿਨ ਵਿੱਚ ਇਸ ਸਮੇਂ ਨਿਰੰਤਰ ਕੁਝ ਜ਼ਹਿਰੀਲਾ ਕਚਰਾ ਛੱਡਦੀ ਸੀ, ਜੋ ਕਿ ਸਾਫ ਤੌਰ 'ਤੇ ਇੰਨਾ ਖਤਰਨਾਕ ਹੁੰਦਾ ਸੀ ਕਿ ਧਾਤੂ ਤੱਕ ਨੂੰ ਗਾਲ ਸਕਦਾ ਸੀ। ਦੇਰ ਸ਼ਾਮ ਨੂੰ ਇਹ ਜ਼ਹਿਰੀਲਾ ਕਚਰਾ ਸ਼ਾਇਦ ਇਸ ਲਈ ਛੱਡਿਆ ਜਾਂਦਾ ਸੀ ਕਿ ਪ੍ਰਦੂਸ਼ਣ ਇੰਸਪੈਕਟਰਾਂ ਦੀਆਂ ਨਜ਼ਰਾਂ ਤੋਂ ਬਚਿਆ ਜਾ ਸਕੇ। ਭਾਰਤ ਦੇ ਉਦਯੋਗਿ ਖੇਤਰਾਂ ਵਿੱਚ ਅਜਿਹਾ ਹੋਣਾ ਕੋਈ ਦੁਰਲਭ ਗੱਲ ਨਹੀਂ। ਸੂਰਤ ਸ਼ਹਿਰ ਦੇ ਨੇੜੇ ਉਦਨਾ ਤੇ ਪੰਡੇਸਰਾ ਵਿੱਚ ਜਿੱਥੇ ਸਾਰੀਆਂ ਖੱਡੀਆਂ ਸਨ, ਉਥੇ ਮੈਂ ਨਿਰੰਤਰ ਰੂਪ ਵਿੱਚ ਦੇਖਦਾ ਹੁੰਦਾ ਸੀ ਕਿ ਉਥੇ ਕਿਸ ਤਰ੍ਹਾਂ ਕੱਪੜਾ ਰੰਗਣ ਅਤੇ ਇਸ ਦੀ ਛਪਾਈ ਕਰਨ ਵਾਲੀਆਂ ਯੂਨਿਟਾਂ ਨਿਰੰਤਰ ਤੌਰ 'ਤੇ ਚਮਕਦਾਰ ਰੰਗਾਂ ਵਾਲਾ ਕਚਰਾ ਸਿੱਧਾ ਬਾਹਰ ਨਾਲੀਆਂ ਵਿੱਚ ਵਹਾਅ ਦਿੰਦੀਆਂ ਸਨ, ਜਿਸ ਨਾਲ ਧਰਤੀ ਹੇਠਲਾ ਪਾਣੀ ਜ਼ਹਿਰੀਲਾ ਹੋ ਜਾਂਦਾ ਸੀ।

ਮੈਂ ਇਹ ਸਭ ਕੁਝ ਇਸ ਵਾਰੀ ਸੁਪਰੀਮ ਕੋਰਟ ਵੱਲੋਂ ਦੀਵਾਲੀ ਮੌਕੇ ਦਿੱਲੀ ਵਿੱਚ ਪਟਾਕਿਆਂ ਉੱਤੇ ਪਾਬੰਦੀ ਦੀ ਖਬਰ ਪੜ੍ਹਨ ਤੋਂ ਬਾਅਦ ਲਿਖ ਰਿਹਾ ਹਾਂ। ਦਿੱਲੀ ਵਿੱਚ ਮੈਂ ਅਕਸਰ ਜਾਂਦਾ ਰਹਿੰਦਾ ਹਾਂ, ਇਸ ਲਈ ਜਾਣਦਾ ਹਾਂ ਕਿ ਉਥੋਂ ਦੀ ਹਵਾ ਦੀ ਗੁਣਵੱਤਾ ਹੋਰ ਸ਼ਹਿਰਾਂ ਤੋਂ ਕੋਈ ਵੱਖਰੀ ਨਹੀਂ ਤਾਂ ਉਨ੍ਹਾਂ ਤੋਂ ਘੱਟ ਵੀ ਨਹੀਂ। ਯਕੀਨਨ ਅੰਕਲੇਸ਼ਵਰ ਵਰਗੇ ਸਥਾਨਾਂ ਦੇ ਮੁਕਾਬਲੇ ਵਿੱਚ ਦਿੱਲੀ ਵਿੱਚ ਕੁਝ ਘੱਟ ਹੈ, ਇਸ ਲਈ ਇਹ ਕਹਿਣਾ ਬਿਲਕੁਲ ਤਰਕ ਪੂਰਨ ਹੋਵੇਗਾ ਕਿ ਘਟੀਆ ਹਵਾ ਦੀ ਅਸਲੀ ਸਮੱਸਿਆ ਦਿੱਲੀ ਵਿੱਚ ਨਹੀਂ, ਸਗੋਂ ਅੰਕਲੇਸ਼ਵਰ ਵਰਗੀਆਂ ਥਾਵਾਂ 'ਤੇ ਹੈ।

ਇਸ ਲਈ ਮੈਨੂੰ ਇਹ ਗੱਲ ਬੜੀ ਹੈਰਾਨੀ ਜਨਕ ਲੱਗਦੀ ਹੈ ਕਿ



ਦਿੱਲੀ ਵਿੱਚ ਲਗਾਤਾਰ ਇਸ ਸੰਬੰਧ ਵਿੱਚ ਕੁਝ ਨਾ ਕੁਝ ਹੰਗਾਮਾ ਮਚਿਆ ਰਹਿੰਦਾ ਹੈ। ਪਹਿਲਾਂ 'ਓਡ-ਈਵਨ' ਦਿਨਾਂ 'ਤੇ ਟਰੈਫਿਕ ਚਲਾਉਣ ਦੀ ਯੋਜਨਾ ਬਣਾਈ ਗਈ ਤੇ ਹੁਣ ਪ੍ਰਦੂਸ਼ਣ ਰੋਕਣ ਦੇ ਨਾਂਅ 'ਤੇ ਪਟਾਕਿਆਂ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਸਿਰਫ ਇੱਕ ਦਿਨ ਲਈ ਅਜਿਹੀ ਪਾਬੰਦੀ ਲਾਉਣ ਨਾਲ ਪ੍ਰਦੂਸ਼ਣ ਦੇ ਪੱਧਰਾਂ 'ਤੇ ਕਿਹੜਾ ਬਦਲਾਅ ਆ ਜਾਵੇਗਾ? ਉਂਝ ਇਸ ਤਰ੍ਹਾਂ ਦੇ ਅਤਿ ਸਮਝਦਾਰੀ ਵਾਲੇ ਹੱਲ ਸਿਰਫ ਰਾਜਧਾਨੀ ਤੱਕ ਕਿਉਂ ਸੀਮਿਤ ਰੱਖੇ ਜਾਂਦੇ ਹਨ, ਜਦ ਕਿ ਇਹ ਸਿੱਧੇ ਤੌਰ 'ਤੇ ਸੱਚ ਹੈ ਕਿ ਹਵਾ ਪ੍ਰਦੂਸ਼ਣ ਤੇ ਆਮ ਤੌਰ 'ਤੇ ਹਰ ਤਰ੍ਹਾਂ ਦਾ ਪ੍ਰਦੂਸ਼ਣ ਪੂਰੇ ਭਾਰਤ ਨੂੰ ਪ੍ਰਭਾਵਤ ਕਰ ਰਿਹਾ ਹੈ?

ਮੌਜੂਦਾ ਮਾਹੌਲ ਵਿੱਚ ਇੱਕ ਹੋਰ ਜ਼ਹਿਰੀਲੇ ਪ੍ਰਦੂਸ਼ਣ ਦੀ ਵੀ ਸਮੱਸਿਆ ਹੈ, ਜਿਸ ਨੂੰ ਹਿੰਦੂ ਰਾਸ਼ਟਰਵਾਦ ਦਾ ਨਾਂਅ ਦਿੱਤਾ ਜਾਂਦਾ ਹੈ। ਮੁਸਲਮਾਨਾਂ ਦਾ ਸ਼ੋਸ਼ਣ ਕਰਨ ਲਈ ਇਹ ਇੱਕ ਨਵੇਂ ਹਥਿਆਰ ਦੇ ਰੂਪ ਵਿੱਚ ਵਰਤਿਆ ਜਾ ਰਿਹਾ ਹੈ। ਭਾਜਪਾ ਨਾਲ ਸੰਬੰਧਤ ਇੱਕ ਗਵਰਨਰ ਨੇ ਇਥੋਂ ਤੱਕ ਸਵਾਲ ਉਠਾਇਆ ਹੈ ਕਿ ਕੀ ਪਟਾਕਿਆਂ 'ਤੇ ਪਾਬੰਦੀ ਤੋਂ ਬਾਅਦ ਅਗਲਾ ਕਦਮ ਹਿੰਦੂਆਂ ਵਾਲੋਂ ਕੀਤੇ ਜਾਣ ਵਾਲੇ ਦਾਹ-ਸਸਕਾਰ ਦੇ ਵਿਰੁੱਧ ਉਠਾਇਆ ਜਾਵੇਗਾ। ਮਸ਼ਹੂਰ ਲੇਖਕ ਚੇਤਨ ਭਗਤ ਨੇ ਸਵਾਲ ਕੀਤਾ ਹੈ ਕਿ ਕੀ ਭਾਰਤੀ ਅਦਾਲਤਾਂ ਬੱਕਰਿਆਂ ਦੀਆਂ ਹੱਤਿਆਵਾਂ 'ਤੇ ਪਾਬੰਦੀ ਲਾਉਣ ਦੀ ਦਲੇਰੀ ਦਿਖਾ ਸਕਣਗੀਆਂ। ਜਵਾਬ ਵਿੱਚ ਮੈਂ ਸਿਰਫ ਇੰਨਾ ਕਹਿਣਾ ਚਾਹਾਂਗਾ ਕਿ ਪਟਾਕਿਆਂ 'ਤੇ ਪਾਬੰਦੀ ਦੀ ਮੰਗ ਕੀ ਮੁਸਲਮਾਨਾਂ ਵੱਲੋਂ ਉਠਾਈ ਗਈ ਹੈ? ਉਨ੍ਹਾਂ ਨੂੰ ਇਸ ਵਿੱਚ ਕਿਉਂ ਘਸੀਟਿਆ ਜਾ ਰਿਹਾ ਹੈ? ਅਦਾਲਤ ਨੇ ਖੁਦ ਇਸ ਨੂੰ ਮੰਦਭਾਗਾ ਕਰਾਰ ਦਿੱਤਾ ਤੇ ਕਿਹਾ ਕਿ ਉਸ ਮਾਹੌਲ ਨੂੰ ਸਮਝਣਾ ਚਾਹੀਦਾ ਹੈ, ਜਿਸ ਵਿੱਚ ਉਸ ਨੂੰ ਕੰਮ ਕਰਨਾ ਪੈਂਦਾ ਹੈ।

ਖਬਰਾਂ ਵਿੱਚ ਦੱਸਿਆ ਗਿਆ ਹੈ ਕਿ ਦਿੱਲੀ ਵਿੱਚ 50 ਲੱਖ ਕਿਲੋ ਪਟਾਕਾ ਸਮੱਗਰੀ ਵਿਕਰੀ ਦਾ ਇੰਤਜ਼ਾਰ ਕਰ ਰਹੀ ਹੈ ਤੇ ਸੁਪਰੀਮ ਕੋਰਟ ਵੱਲੋਂ ਲਾਈ ਪਾਬੰਦੀ ਉਨ੍ਹਾਂ ਹਜ਼ਾਰਾਂ ਲੋਕਾਂ ਦੀ ਰੋਜ਼ੀ ਤੇ ਹਮਲਾ ਕਰੇਗੀ, ਜੋ ਇਸ ਤਿਉਹਾਰੀ ਮੌਸਮ ਵਿੱਚ ਆਪਣੀ ਆਮਦਨ ਵਿੱਚ ਥੋੜ੍ਹੇ ਬਹੁਤੇ ਵਾਧੇ ਦੀ ਉਮੀਦ ਲਾਈ ਬੈਠੇ ਹਨ। ਇਸ ਤੋਂ ਇਲਾਵਾ ਲੱਖਾਂ ਬੱਚੇ ਅਤੇ ਬਾਲਗ ਵੀ ਪ੍ਰਭਾਵਤ ਹੋਣਗੇ, ਜੋ ਦੀਵਾਲੀ ਦੇ ਮੌਕੇ 'ਤੇ ਜਸ਼ਨ ਮਨਾਉਂਦੇ ਹਨ।

ਭਾਰਤ ਤੇ ਉਸ ਦੇ ਆਲੇ ਦੁਆਲੇ ਦਾ ਖੇਤਰ ਦੁਨੀਆ ਦੇ ਸਭ ਤੋਂ ਗਰੀਬ ਇਲਾਕਿਆਂ 'ਚੋਂ ਇੱਕ ਹੈ। ਅਜਿਹੇ ਵਿੱਚ ਸਾਨੂੰ ਖੁਦ ਤੋਂ ਇਹ ਸਵਾਲ ਜ਼ਰੂਰ ਪੁੱਛਣਾ ਚਾਹੀਦਾ ਹੈ ਕਿ ਸੰਸਕ੍ਰਿਤਕ ਸਰਗਰਮੀਆਂ 'ਤੇ ਲਗਾਮ ਲਾਉਣਾ ਕੀ ਸਾਰਥਕ ਹੋਵੇਗਾ? ਪਾਕਿਸਤਾਨ ਵੀ ਬਸੰਤ ਉਤਸਵ ਮੌਕੇ 'ਤੇ ਲਾਹੌਰ ਵਿੱਚ ਪਤੰਗਬਾਜ਼ੀ 'ਤੇ ਪਾਬੰਦੀ ਲਾ ਕੇ ਸਾਡੇ ਵਾਲੀ ਗਲਤੀ ਹੀ ਦੁਹਰਾਉਂਦਾ ਹੈ। ਪਾਕਿਸਤਾਨੀ ਜੱਜ ਅਕਸਰ ਇਸ ਵਿਚਾਰ ਦੇ ਪੱਖ ਵਿੱਚ ਹਨ ਕਿ ਪਤੰਗਬਾਜ਼ੀ ਗੈਰ-ਇਸਲਾਮਕ ਹੈ ਤੇ ਇਸ ਲਈ ਲੋਕਾਂ ਦੇ ਪਤੰਗ ਉਡਾਉਣ 'ਤੇ ਪਾਬੰਦੀ ਲਾਈ ਜਾਵੇ। ਬਹਾਨਾ ਇਹ ਬਣਾਇਆ ਜਾਂਦਾ ਹੈ ਕਿ ਇਹ ਪੰਛੀਆਂ ਅਤੇ ਇਨਸਾਨਾਂ ਦੀ ਸੁਰੱਖਿਆ ਲਈ ਜ਼ਰੂਰੀ ਹੈ, ਜਦ ਕਿ ਅਸਲ ਇਰਾਦਾ ਧਾਰਮਕ ਮਾਨਸਿਕਤਾ ਨੂੰ ਹੱਲਾਸ਼ੇਰੀ ਦੇਣਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਤੰਗਬਾਜ਼ੀ ਨਾਲ ਕਈ ਲੋਕ ਜ਼ਖਮੀ ਹੁੰਦੇ ਹਨ ਤੇ ਕਦੇ-ਕਦਾਈਂ ਮੌਤ ਦਾ ਸ਼ਿਕਾਰ ਵੀ ਹੋ ਜਾਂਦੇ ਹਨ, ਪਰ ਕੀ ਹੋਰ ਕਈ ਚੀਜ਼ਾਂ ਦੇ ਕਾਰਨ ਵੀ ਅਜਿਹਾ ਨਹੀਂ ਹੁੰਦਾ? ਕੀ ਇਨ੍ਹਾਂ ਸਾਰੀਆਂ ਚੀਜ਼ਾਂ 'ਤੇ ਪਾਬੰਦੀ ਲਾਈ ਜਾਂਦੀ ਹੈ? ਸਾਨੂੰ ਸਿਰਫ ਇਸ ਲਈ ਕਿਸੇ ਚੀਜ਼ 'ਤੇ ਪਾਬੰਦੀ ਲਾਉਣ ਬਾਰੇ ਨਹੀਂ ਸੋਚਣਾ ਚਾਹੀਦਾ ਕਿ ਇਸ ਨਾਲ ਅਸੀਂ ਅਸੁਰੱਖਿਅਤ ਹੋ ਜਾਂਦੇ ਹਾਂ। ਪਟਾਕਿਆਂ 'ਤੇ ਪਾਬੰਦੀ ਸ਼ਾਇਦ ਇਸ ਪ੍ਰਕਾਰ ਦੀ ਦਇਆ ਭਾਵਨਾ ਦੀ ਪੈਦਾਵਾਰ ਨਹੀਂ ਹੈ, ਸਗੋਂ ਇਸ ਦੇ ਪਿੱਛੇ ਇੱਕੋ ਝਟਕੇ ਨਾਲ ਤਬਦੀਲੀ ਲਿਆਉਣ ਦੀ ਸੋਚ ਕੰਮ ਕਰ ਰਹੀ ਹੈ। ਆਮ ਤੌਰ 'ਤੇ ਅਜਿਹੀ ਭਾਵਨਾ ਲੋੜੀਂਦਾ ਨਤੀਜਾ ਦੇਣ ਵਿੱਚ ਨਾਕਾਮ ਰਹਿੰਦੀ ਹੈ।

ਜਿਸ ਤਰ੍ਹਾਂ ਸੁਪਰੀਮ ਕੋਰਟ ਲਵ ਜੇਹਾਦ ਅਤੇ ਰਾਸ਼ਟਰ ਗਾਨ ਵਰਗੇ ਮੁੱਦਿਆਂ ਵਿੱਚ ਦਿਲਚਸਪੀ ਲੈ ਰਹੀ ਹੈ, ਉਸ ਕਾਰਨ ਸਾਨੂੰ ਰਾਜਧਾਨੀ ਵਿੱਚ ਹਵਾ ਦੀ ਗੁਣਵੱਤਾ ਸੁਧਾਰਨ ਦੀ ਕੋਸ਼ਿਸ਼ ਕਰਨ ਦੇ ਇਸ ਦੇ ਇਰਾਦੇ 'ਤੇ ਵੀ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ। ਉਂਜ ਇਹ ਜਾਣਨਾ ਬਹੁਤ ਸਬਕ ਦਾਇਕ ਹੋਵੇਗਾ ਕਿ ਅਮਰੀਕਾ ਵਰਗੇ ਵਿਸ਼ਾਲ ਲੋਕਤੰਤਰਾਂ ਦੀਆਂ ਸੁਪਰੀਮ ਕੋਰਟਾਂ ਨੇ ਇਸ ਤਰ੍ਹਾਂ ਅਜਿਹੇ ਮੁੱਦਿਆਂ ਨਾਲ ਨਜਿੱਠਿਆਂ ਹੈ ਅਤੇ ਕਿਨ੍ਹਾਂ ਗੱਲਾਂ ਨੂੰ ਹੱਥਾਂ ਵਿੱਚ ਲੈਣ ਤੋਂ ਉਨ੍ਹਾਂ ਨੇ ਬਿਲਕੁਲ ਇਨਕਾਰ ਕਰ ਦਿੱਤਾ। ਪ੍ਰਦੂਸ਼ਣ ਦੀ ਸਮੱਸਿਆ ਤੇ ਇਸ ਤੋਂ ਵੀ ਵੱਡੀ ਪੌਣ-ਪਾਣੀ ਦੀ ਤਬਦੀਲੀ ਦੀ ਸਮੱਸਿਆ ਸੱਚਮੁੱਚ ਬਹੁਤ ਗੰਭੀਰ ਮੁੱਦੇ ਹਨ। ਇਨ੍ਹਾਂ ਦੀ ਗੰਭੀਰਤਾ ਉਸ ਸਮੇਂ ਖਤਮ ਹੋ ਜਾਂਦੀ ਹੈ, ਜਦੋਂ ਅਸੀਂ ਇਨ੍ਹਾਂ ਨਾਲ ਨਜਿੱਠਣ ਲਈ ਬੇਹੱਦ ਕੰਮ-ਚਲਾਊ ਢੰਗ ਦੇ ਸਿਰਫ ਤਿਉਹਾਰੀ ਮਹੱਤਤਾ ਰੱਖਣ ਵਾਲੇ ਅਤੇ ਆਖਰ ਪੂਰੀ ਤਰ੍ਹਾਂ ਅਰਥਹੀਣ ਉਪਾਅ ਪੇਸ਼ ਕਰਦੇ ਹਾਂ। ਇਨ੍ਹਾਂ ਦੇ ਪਿੱਛੇ ਇਰਾਦੇ ਬੇਸ਼ੱਕ ਕਿੰਨੇ ਵੀ ਨੇਕ ਕਿਉਂ ਨਾ ਹੋਣ, ਅਦਾਲਤਾਂ ਨੂੰ ਅਜਿਹੇ ਮਾਮਲਿਆਂ 'ਚ ਹੁਕਮ ਜਾਰੀ ਕਰਦੇ ਸਮੇਂ ਬਹੁਤ ਸੋਚ-ਸਮਝ ਕੇ ਕਦਮ ਉਠਾਉਣਾ ਚਾਹੀਦਾ ਹੈ।

# ਅਦਾਲਤਾਂ, ਬੰਦੇ ਤੇ ਬਿਰਖ

–ਗੁਰਦੀਪ ਸਿੰਘ ਢੁੱਡੀ

ਮਾਰਚ 2001 ਵਿੱਚ ਮੇਰੇ ਨਾਲ ਇਕ ਘਟਨਾ ਵਾਪਰ ਗਈ। ਦਸਵੀਂ ਜਮਾਤ ਦੇ ਪੇਪਰਾਂ 'ਚ ਮੇਰੀ ਆਬਜ਼ਰਵਰ ਦੀ ਡਿਊਟੀ ਲੱਗੀ ਸੀ। ਉਸ ਦਿਨ ਦੀ ਪ੍ਰੀਖਿਆ ਵਿੱਚ ਮੈਂ ਨਕਲ ਬਿਲਕੁਲ ਬੰਦ ਕਰ ਦਿੱਤੀ। ਨਕਲ ਰੋਕਣ ਕਾਰਨ ਪ੍ਰੀਖਿਆ ਹਾਲ ਵਿੱਚੋਂ ਬਾਹਰ ਨਿਕਲ ਕੇ ਘਰ ਆਉਣ ਲੱਗੇ ਨੂੰ ਕੁਝ ਮੁੰਡਿਆਂ ਨੇ ਮੈਨੂੰ ਘੇਰ ਲਿਆ। ਉਨ੍ਹਾਂ ਦੀ ਇਸ ਕਾਰਵਾਈ ਦਾ ਅਧਿਆਪਕ ਜਥੇਬੰਦੀਆਂ ਨੇ ਨੋਟਿਸ ਲਿਆ ਅਤੇ ਕਾਰਵਾਈ ਦੀ ਮੰਗ ਕੀਤੀ। ਇਨ੍ਹਾਂ ਮੁੰਡਿਆਂ 'ਚ ਹੇਠਲੇ ਪੱਧਰ ਦੇ ਇਕ ਸਿਆਸੀ ਆਗੂ ਦਾ ਲੜਕਾ ਸ਼ਾਮਲ ਸੀ। ਅਧਿਆਪਕ ਜਥੇਬੰਦੀਆਂ ਦੇ ਵਧੇਰੇ ਦਬਾਅ ਤੇ ਇਕ ਪੰਜਾਬੀ ਅਖਬਾਰ ਦੇ ਉਸ ਵੇਲੇ ਦੇ ਇਕ ਪੱਤਰਕਾਰ ਵੱਲੋਂ ਭੇਜੀਆਂ ਖਬਰਾਂ ਸਦਕਾ ਪੁਲਸ ਨੂੰ ਕਾਰਵਾਈ ਵੀ ਕਰਨੀ ਪਈ। ਲੜਕਿਆਂ 'ਤੇ ਪੁਲਸ ਕੇਸ ਬਣ ਗਿਆ (ਫਿਰ ਵੀ ਪੁਲਸ ਨੇ ਸਿਆਸੀ ਵਿਅਕਤੀ ਦੇ ਲੜਕੇ ਦਾ ਨਾਂ ਐਫ ਆਈ ਆਰ ਵਿੱਚ ਨਾ ਪਾਇਆ) ਅਤੇ ਥੋੜ੍ਹੇ ਸਮੇਂ ਬਾਅਦ ਪੁਲਸ ਵੱਲੋਂ ਚਲਾਨ ਕਰਨ 'ਤੇ ਇਹ ਕੇਸ ਅਦਾਲਤ ਵਿੱਚ ਚਲਾ ਗਿਆ।

ਹੁਣ ਤੱਕ ਜਥੇਬੰਦੀਆਂ ਦਾ ਧਿਆਨ ਇਸ ਕੇਸ ਤੋਂ ਹੱਟ ਗਿਆ ਸੀ। ਦੋ ਤਿੰਨ ਦੋਸਤਾਂ ਦੇ ਨਾਲ ਜਦੋਂ ਅਦਾਲਤ ਵਿੱਚ ਜਾਣਾ ਪਿਆ ਤਾਂ ਅਸੀਂ ਸਲਾਹ ਕਰਕੇ ਲੜਕਿਆਂ ਵੱਲੋਂ ਮੁਆਫੀ ਮੰਗੇ ਜਾਣ ਕਰਕੇ ਅਦਾਲਤ ਵਿੱਚ ਲੜਕਿਆਂ ਨੂੰ ਮੁਆਫੀ ਲਿਖ ਕੇ ਦੇ ਦਿੱਤੀ। ਨਾ ਇਸ ਤੋਂ ਪਹਿਲਾਂ ਤੇ ਨਾ ਬਾਅਦ ਵਿੱਚ ਕਿਸੇ ਅਦਾਲਤੀ ਝਗੜੇ ਦਾ ਕੁਝ ਇਲਮ ਸੀ। ਅਸਲ ਵਿੱਚ ਇਹ ਕੇਸ ਛੱਡਣ ਦਾ ਕਾਰਨ ਇਹ ਸੀ ਕਿ ਲੜਕੇ ਮੁੜ੍ਹ-ਮੱਤ ਕਾਰਨ ਗਲਤੀ ਕਰ ਬੈਠੇ ਸਨ। ਇਸ ਲਈ ਕਿਤੇ ਉਨ੍ਹਾਂ ਦਾ ਜ਼ਿਆਦਾ ਨੁਕਸਾਨ ਨਾ ਹੋ ਜਾਵੇ। ਦੂਸਰਾ, ਉਕਸਾਉਣ ਵਾਲਾ ਸਿਆਸੀ ਆਗੂ ਦਾ ਲੜਕਾ ਪਹਿਲਾਂ ਹੀ ਕੇਸ ਤੋਂ ਬਾਹਰ ਕਰ ਦਿੱਤਾ ਗਿਆ ਸੀ।

ਉਸ ਤੋਂ ਬਾਅਦ 2013 ਦੇ ਅਖੀਰ ਉੱਤੇ ਇਕ ਵਕੀਲ ਵੱਲੋਂ ਇਕ ਵਿਅਕਤੀ ਦੀ ਮਾਣਹਾਨੀ ਕਰਨ ਦਾ ਦੋਸ਼ ਲੱਗਿਆ ਲੀਗਲ ਨੋਟਿਸ ਮਿ-ਲਆ। ਇਹ ਵਿਅਕਤੀ ਮੇਰੇ ਹੀ ਸਕੂਲ ਦਾ ਅਧਿਆਪਕ ਸੀ। ਮੇਰੇ 'ਤੇ ਦੋਸ਼ ਸੀ ਕਿ ਸਟਾਫ ਮੀਟਿੰਗ ਵਿੱਚ ਅਧਿਆਪਕ ਦੀ ਸ਼ਾਨ ਦੇ ਖਿਲਾਫ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਲੀਗਲ ਪੱਤਰ ਵਿੱਚ ਜੋ ਕੁਝ ਲਿਖਿਆ ਸੀ, ਉਨ੍ਹਾਂ ਸ਼ਬਦਾਂ ਦੀ ਵਰਤੋਂ ਮੈਂ ਕੀਤੀ ਹੀ ਨਹੀਂ ਸੀ। ਮੈਨੂੰ ਲੱਗਿਆ ਕਿ ਇਹ ਐਵੇਂ ਡਰਾਵਾ ਮਾਰਨ ਵਾਲੀ ਗਿੱਦੜ ਭਬਕੀ ਹੈ। ਇਸ ਲਈ ਮੈਂ 'ਲੀਗਲ ਨੋਟਿਸ' ਨੂੰ ਗੰਭੀਰਤਾ ਨਾਲ ਨਹੀਂ ਲਿਆ। ਅਖੀਰ ਲੀਗਲ ਨੋਟਿਸ ਤੋਂ ਇਹ ਅਦਾਲਤੀ ਕੇਸ ਬਣ ਗਿਆ ਤੇ



ਮੈਨੂੰ ਅਦਾਲਤ ਵੱਲੋਂ ਸੰਮਨ ਆ ਗਏ। ਮੈਂ ਫਿਰ ਵੀ ਇਸ ਨੂੰ ਉਸ ਗੰਭੀਰਤਾ ਨਾਲ ਨਾ ਲਿਆ। ਮੈਂ ਸਿਰਫ ਆਪਣੇ ਜਾਣਕਾਰਾਂ ਨਾਲ ਕੇਸ ਦੀ ਗਹਿਰਾਈ ਸਬੰਧੀ ਵਿਚਾਰ ਵਟਾਂਦਰਾ ਕੀਤਾ। ਇਨ੍ਹਾਂ ਜਾਣਕਾਰਾਂ ਵਿੱਚ ਕਾਨੂੰਨ ਦੇ ਗਿਆਤਾ ਭਾਵ ਵਕੀਲ ਵੀ ਸਨ। ਹਰੇਕ ਦੀ ਇਕੋ ਸ਼ਬਦਾਵਲੀ ਸੀ ਕਿ ਕੇਸ ਵਿੱਚ ਕੁਝ ਨਹੀਂ ਹੈ। ਇਨ੍ਹਾਂ ਸ਼ਬਦਾਂ ਨਾਲ ਮਾਣਹਾਨੀ ਬਣਦੀ ਹੀ ਨਹੀਂ। ਖੈਰ! ਕੇਸ ਚੱਲ ਪਿਆ ਅਤੇ ਮੈਂ ਇਕ ਵਕੀਲ ਕਰ ਲਿਆ। ਵਕੀਲ ਜਾਣਕਾਰਾਂ ਵਿੱਚੋਂ ਹੀ ਸੀ। ਕਾਰਵਾਈ ਸ਼ੁਰੂ ਹੋ ਗਈ। ਵਕੀਲ ਨੂੰ ਮੈਂ ਸਾਫ ਸ਼ਬਦਾਂ ਵਿੱਚ ਫੀਸ ਬਾਰੇ ਪੁੱਛਿਆ ਤਾਂ ਉਸ ਨੇ ਕੁਝ ਨਾ ਦੱਸਿਆ। ਮੈਂ ਫਿਰ ਆਖਿਆ ਕਿ ਘੋੜਾ ਘਾਹ ਨਾਲ ਦੋਸਤੀ ਕਰਕੇ ਜਿਉਂਦਾ ਨਹੀਂ ਰਹਿ ਸਕਦਾ। ਖੈਰ! ਫੀਸ ਬਾਰੇ ਕੋਈ ਗੱਲ ਸਿਰੇ ਨਾ ਲੱਗੀ ਅਤੇ ਅਦਾਲਤੀ ਕਾਰਵਾਈ ਸ਼ੁਰੂ ਹੋ ਗਈ। ਪਹਿਲੇ ਦਿਨ ਦੀ ਨਿੱਜੀ ਹਾਜ਼ਰੀ ਤੋਂ ਅੱਗੇ ਵਕਾਲਤਨਾਮਾ ਪੇਸ਼ ਕਰ ਦਿੱਤਾ ਗਿਆ। ਵਕਾਲਤਨਾਮੇ ਦੀ ਫੀਸ ਵਕੀਲ ਦੇ ਕਲਰਕ ਨੂੰ ਦੇ ਦਿੱਤੀ।

ਇਸ ਤੋਂ ਬਾਅਦ ਹਰ ਪੇਸ਼ੀ ਉੱਤੇ ਜਵਾਬ ਦੇਣਾ, ਜਵਾਬ ਦੇਣ ਲਈ ਟਾਈਪਿਸਟ ਦੀ ਫੀਸ, ਫੋਟੋਸਟੇਟ ਦੀ ਫੀਸ, ਤਸਦੀਕ ਕਰਾਉਣ ਦੀ ਫੀਸ ਆਦਿ ਸਿਲਸਿਲਾ ਨਿਰੰਤਰ ਚੱਲਦਾ ਰਿਹਾ। ਅੱਜ ਜਦੋਂ ਕੇਸ ਚੱਲਦੇ ਨੂੰ ਸਾਢੇ ਤਿੰਨ ਸਾਲਾਂ ਤੋਂ ਵੱਧ ਸਮਾਂ ਹੋ ਗਿਆ ਹੈ ਤੇ ਅਦਾਲਤੀ ਫੀਸਾਂ ਕਰਕੇ ਮੇਰੇ ਪੈਸੇ ਵੀ ਅੰਤਾਂ ਦੇ ਲੱਗ ਚੁੱਕੇ ਹਨ ਤਾਂ ਪਿੰਡ ਰਹਿੰਦਿਆਂ ਬਜ਼ੁਰਗਾਂ ਕੋਲੋਂ ਹਸਪਤਾਲਾਂ ਤੇ ਕਚਹਿਰੀਆਂ 'ਚ ਹੁੰਦੀ ਖੱਜਲ ਖੁਆਰੀ ਤੇ ਲੱਗਦੇ ਪੈਸਿਆਂ ਬਾਰੇ ਸੁਣੀ ਗੱਲ ਯਾਦ ਆਉਂਦੀ ਹੈ। ਹਰ ਵਾਰੀ ਦੀ ਪੇਸ਼ੀ ਤੇ ਵਿਰੋਧੀ ਧਿਰ ਦਾ ਵਕੀਲ ਦਫਤਰ ਨਾਲ ਸਬੰਧਤ ਨਵੇਂ ਕਾਗਜ਼ ਮੰਗ ਲੈਂਦਾ ਹੈ। ਪੇਸ਼ੀ ਦੀ ਤਾਰੀਕ ਅੱਗੇ ਪੈ ਜਾਂਦੀ ਹੈ। ਮੈਨੂੰ ਅੱਜ ਤੱਕ ਇਹ ਸਮਝ ਨਹੀਂ ਆਈ ਕਿ ਇਨ੍ਹਾਂ ਨਵੇਂ ਮੰਗੇ ਕਾਗਜ਼ਾਂ ਦਾ ਕੇਸ ਨਾਲ ਕੀ ਸਬੰਧ ਹੈ।

ਇਸੇ ਤਰ੍ਹਾਂ ਵਿਰੋਧੀ ਧਿਰ ਦਾ ਵਕੀਲ ਇਕ ਅਰਜ਼ੀ ਦੇ ਕੇ ਜਦੋਂ ਕੋਈ ਕਾਗਜ਼ ਮੰਗਦਾ ਹੈ ਤਾਂ ਉਸ ਦਾ ਉਤਰ ਦੇਣਾ ਹੁੰਦਾ ਹੈ। ਇਸ ਦੋ ਪੰਨਿਆਂ ਦੇ ਉਤਰ ਲਿਖਾਉਣ ਲਈ ਟਾਈਪਿਸਟ ਨੂੰ ਘੱਟੋ-ਘੱਟ 300 ਰੁਪਏ ਦੇਣੇ ਹੁੰਦੇ ਹਨ। ਕੇਸ ਦਾ ਫੈਸਲਾ ਕੀ ਤੇ ਕਦੋਂ ਹੋਣਾ ਹੈ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਜਿਸ ਕਿਸੇ ਵਿਅਕਤੀ ਨੂੰ ਪੁੱਛੀਦਾ ਹੈ, ਉਸ ਦਾ ਜਵਾਬ ਇਹੀ ਹੁੰਦਾ ਹੈ ਕਿ ਕੇਸ ਵਿੱਚ ਕੁਝ ਨਹੀਂ। ਫਿਰ ਖੱਜਲ ਖੁਆਰੀ ਦਾ ਕੀ ਅਰਥ ਹੈ? ਇਥੇ ਆ ਕੇ ਸੁਰਜੀਤ ਪਾਤਰ ਦੀ ਗ਼ਜ਼ਲ ਦਾ ਸ਼ੇਅਰ ਮੁੜ ਚੇਤੇ ਆਉਂਦਾ ਹੈ ਕਿ ਅਦਾਲਤਾਂ ਵਿੱਚ ਬੰਦੇ ਸੱਚੀ ਬਿਰਖ ਬਣ ਕੇ ਸੁੱਕ ਸੜ ਜਾਂਦੇ ਹਨ।

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ,
ਫੈਸਲੇ ਸੁਣਦਿਆਂ-ਸੁਣਦਿਆਂ ਸੁੱਕ ਗਏ।

# ਗੁਰਦੁਆਰਾ ਨਾਨਕਸਰ, ਪਾਕਪਤਨ ਸ਼ਹਿਰ



ਸਤਿਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਹ ਪਾਵਨ ਅਸਥਾਨ ਪੁਰਾਣੇ ਸ਼ਹਿਰ ਪਾਕਪਤਨ ਤੋਂ ਬਾਹਰ ਦੀ ਆਬਾਦੀ ਵਿੱਚ ਹੈ । ਇਸ ਆਬਾਦੀ ਨੂੰ ਸਮਾਧੀਆ ਕਰਕੇ ਯਾਦ ਕੀਤਾ ਜਾਦਾ ਸੀ । ਇੱਥੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬਿਰਾਜਣ ਅਸਥਾਨ ਸੀ, ਜਿਹਦੇ ਪੁਜਾਰੀ ਉਦਾਸੀ ਸਾਧੂ ਸਨ । ਇਸ ਅਸਥਾਨ ਦੇ ਆਸ ਪਾਸ ਸਾਧੂਆ ਦੀਆ ਅਣਗਿਣਤ ਸਮਾਧਾ ਸਨ, ਇਸ ਕਰਕੇ ਇਹ ਅਸਥਾਨ ਸਮਾਧਾ ਕਰਕੇ ਪ੍ਰਸਿੱਧ ਹੋ ਗਿਆ । ਇਸ ਅਸਥਾਨ ਦੇ ਨਾਮ ਹਜ਼ਾਰਾ ਘੁਮਾ ਜ਼ਮੀਨ ਹੈ।ਗੁਰਦੁਆਰਾ ਸਾਹਿਬ ਤੇ ਸਮਾਧਾ ਅਲੋਪ ਹੋ ਚੁੱਕੀਆਂ ਹਨ। ਇਸ ਥਾ ਹੁਣ ਬਾਬਾ ਫਰੀਦ ਗੰਜ ਸ਼ੱਕਰ ਕਾਲਜ ਹੈ। ਇਸ ਕਾਲਜ ਦੀ ਅਜੋਕੀ ਇਮਾਰਤ ਬਨਣ ਤੋ ਪਹਿਲਾ ਇਹ ਕਾਲਜ ਗੁਰਦੁਆਰਾ ਸਾਹਿਬ ਦੀ ਇਮਾਰਤ ਅੰਦਰ ਸੀ ਇਸ ਇਮਾਰਤ ਨੂੰ ਡੇਗ ਕੇ ਹੁਣ ਕਾਲਜ ਦੀ ਨਵੀਂ ਇਮਾਰਤ ਉਸਾਰੀ ਗਈ ਹੈ । ਗੁਰਦੁਆਰਾ ਸਾਹਿਬ ਦਾ ਸਰੋਵਰ ਯਾਦਗਾਰ ਵਜੋਂ ਸੰਭਾਲ ਲਿਆ ਗਿਆ ਹੈ ।

# ਇਸ ਵਾਰ ਕਿਸ ਨੂੰ ਦਿਲ ਦੇਣਗੇ ਦਿੱਲੀ ਵਾਲੇ

ਡਾਕਟਰ ਵਰਿੰਦਰ ਭਾਟੀਆ



ਦਿੱਲੀ ਵਿਧਾਨ ਸਭਾ ਲਈ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਹੋ ਗਿਆ ਹੈ। ਅੱਠ ਫਰਵਰੀ ਨੂੰ ਦਿੱਲੀ ਵਿੱਚ ਮਤਦਾਨ ਹੋਣਾ ਅਤੇ 11 ਫਰਵਰੀ ਨੂੰ ਨਤੀਜੇ ਐਲਾਨੇ ਜਾਣਗੇ। ਚੋਣਾਂ ਵਿੱਚ ਇਸ ਵਾਰ ਮੁਕਾਬਲਾ ਆਮ ਆਦਮੀ ਪਾਰਟੀ, ਭਾਜਪਾ ਤੇ ਕਾਂਗਰਸ ਵਿਚਾਲੇ ਦੇਖਣ ਨੂੰ ਮਿਲੇਗਾ। ਚੋਣਾਂ ਦੀਆਂ ਤਰੀਕਾਂ ਦੇ ਐਲਾਨ ਨਾਲ ਜਿੱਥੇ ਮੁੱਖ ਮੰਤਰੀ ਆਪਣੇ ਪੰਜ ਸਾਲ ਦੇ ਕੰਮ ਗਿਣਾਉਂਦੇ ਹੋਏ 2015 ਦਾ ਪ੍ਰਦਰਸ਼ਨ ਦੁਹਰਾਉਣ ਦਾ ਦਾਅਵਾ ਕਰ ਰਹੇ ਹਨ, ਉਥੇ ਉਤਸ਼ਾਹਤ ਭਾਜਪਾ 2019 ਦੇ ਲੋਕ ਸਭਾ ਚੋਣ ਨਤੀਜਿਆਂ ਦੇ ਸਹਾਰੇ ਵਰਕਰਾਂ ਵਿੱਚ ਜੋਸ਼ ਭਰ ਰਹੀ ਹੈ। ਕਾਂਗਰਸ ਦਾ ਲੋਕ ਸਭਾ ਚੋਣਾਂ ਵਿੱਚ ਵਧਿਆ ਵੋਟ ਫੀਸਦੀ ਉਨ੍ਹਾਂ ਨੂੰ ਇੱਕ ਵਾਰ ਫਿਰ ਦਿੱਲੀ ਵਿੱਚ ਆਪਣੀ ਜ਼ਮੀਨ ਮਜ਼ਬੂਤ ਕਰਨ ਵੱਲ ਆਕਰਸ਼ਿਤ ਕਰਦਾ ਹੈ। ਜਦੋਂ ਤੱਕ ਚੋਣ ਨਤੀਜੇ ਨਹੀਂ ਆਉਂਦੇ, ਕੁਝ ਵੀ ਕਹਿਣਾ ਮੁਸ਼ਕਲ ਹੈ।

ਦਿੱਲੀ 'ਚ ਵਿਧਾਨ ਸਭਾ ਦੇ ਗਠਨ ਤੋਂ ਪਹਿਲਾਂ ਸਮਝਣ ਦੀ ਕੋਸ਼ਿਸ਼ ਕਰਦੇ ਹੋਏ 2020 ਦੀਆਂ ਚੋਣਾਂ ਕਿਸ ਪਾਸੇ ਇਸ਼ਾਰਾ ਕਰਦੀਆਂ ਹਨ। ਦਿੱਲੀ ਦੀਆਂ ਸੱਤਰ ਵਿਧਾਨ ਸਭਾ ਸੀਟਾਂ 'ਚੋਂ 2015 ਦੀਆਂ ਵਿਧਾਨ ਸਭਾ ਚੋਣਾਂ ਵਿੱਚ 67 ਵਿਧਾਨ ਸਭਾ ਸੀਟਾਂ 'ਤੇ ਆਮ ਆਦਮੀ ਪਾਰਟੀ ਨੇ ਜਿੱਤ ਹਾਸਲ ਕੀਤੀ ਸੀ, ਤਿੰਨ ਸੀਟਾਂ 'ਤੇ ਭਾਜਪਾ ਨੇ ਜਿੱਤ ਦਰਜ ਕੀਤੀ ਸੀ। ਕਾਂਗਰਸ ਦੇ ਹਿੱਸੇ ਕੋਈ ਸੀਟ ਨਹੀਂ ਆਈ ਸੀ। ਅੰਦਾਜ਼ਾ ਹੈ ਕਿ ਇਸ ਵਾਰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਦਿੱਲੀ ਵਿੱਚ 1,43,16,453 ਵੋਟਰ ਆਪਣੇ ਵੋਟ ਅਧਿਕਾਰ ਦੀ ਵਰਤੋਂ ਕਰਨਗੇ। ਦਿੱਲੀ ਵਿਧਾਨ ਸਭਾ ਚੋਣਾਂ ਵਿੱਚ 2689 ਥਾਵਾਂ 'ਤੇ ਵੋਟਿੰਗ ਹੋਵੇਗੀ। 13,757 ਪੋਲਿੰਗ ਬੂਥ ਬਣਾਏ ਜਾਣਗੇ। ਚੋਣਾਂ ਵਿੱਚ 90,000 ਕਰਮਚਾਰੀਆਂ ਦੀ ਜ਼ਰੂਰਤ ਹੋਵੇਗੀ। ਦਿੱਲੀ ਵਿਧਾਨ ਸਭਾ ਦੇ ਚੋਣ ਖੇਤਰਾਂ ਦੀ ਸੂਚੀ ਨੂੰ ਦੇਖੀਏ ਤਾਂ ਪਤਾ ਲੱਗੇਗਾ ਕਿ ਮੌਜੂਦਾ ਸਮੇਂ 12 ਚੋਣ ਖੇਤਰ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਲਈ ਰਾਖਵੇਂ ਹਨ।

ਸਾਲ 1991 'ਚ 69ਵੇਂ ਸੋਧ ਕਾਨੂੰਨ 1991 ਅਤੇ ਉਸ ਤੋਂ ਬਾਅਦ ਰਾਸ਼ਟਰੀ ਰਾਜਧਾਨੀ ਖੇਤਰ ਕਾਨੂੰਨ 1991 ਨੇ ਕੇਂਦਰ ਸ਼ਾਸਿਤ ਦਿੱਲੀ ਨੂੰ ਰਸਮੀ ਤੌਰ 'ਤੇ ਦਿੱਲੀ ਰਾਸ਼ਟਰੀ ਰਾਜਧਾਨੀ ਦੀ ਪਛਾਣ ਦਿੱਤੀ ਅਤੇ ਵਿਧਾਨ ਸਭਾ ਤੇ ਮੰਤਰੀ ਮੰਡਲ ਨਾਲ ਸੰਬੰਧਤ ਸੰਵਿਧਾਨਕ ਵਿਵਸਥਾਵਾਂ ਨਿਰਧਾਰਤ ਕੀਤੀਆਂ। ਦਿੱਲੀ ਵਿਧਾਨ ਸਭਾ ਦਾ ਗਠਨ ਪਹਿਲੀ ਵਾਰ ਸੱਤ ਮਾਰਚ 1952 ਨੂੰ ਹੋਇਆ ਸੀ। ਓਦੋਂ ਇਸ ਦੇ ਮੈਂਬਰਾਂ ਦੀ ਗਿਣਤੀ 48 ਸੀ। ਫਿਰ 1956 ਵਿੱਚ ਸੂਬਾਈ ਪੁਨਰ ਗਠਨ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਲਾਗੂ ਹੋਣ ਨਾਲ ਇਸ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਦਿੱਤਾ ਗਿਆ ਅਤੇ ਮੰਤਰੀ ਮੰਡਲ ਨੂੰ ਖਤਮ ਕਰ ਦਿੱਤਾ ਗਿਆ। ਇਸ ਮਗਰੋਂ ਵਿਧਾਨ ਸਭਾ ਦੀ ਜਗ੍ਹਾ ਦਿੱਲੀ ਮੈਟਰੋਪਾਲੀਟਨ ਕੌਂਸਲ ਨੇ ਲੈ ਲਈ। ਆਖਰ 1991 ਵਿੱਚ ਕੌਂਸਲ ਦੀ ਜਗ੍ਹਾ ਦਿੱਲੀ ਵਿਧਾਨ ਸਭਾ ਨੇ ਲੈ ਲਈ।

ਬਾਅਦ ਵਿੱਚ ਦਿੱਲੀ ਵਿੱਚ ਪਹਿਲੀ ਵਾਰ ਵਿਧਾਨ ਸਭਾ ਦਾ ਗਠਨ 1993 ਵਿੱਚ ਹੋਇਆ ਅਤੇ ਇਥੋਂ ਦੀ ਸੱਤਾ ਭਾਰਤੀ ਜਨਤਾ ਪਾਰਟੀ ਦੇ ਹੱਥ ਆਈ, ਪਰ ਇਸ ਪੂਰੇ ਪੰਜ ਸਾਲ ਦੇ ਕਾਰਜਕਾਲ ਵਿੱਚ ਭਾਜਪਾ ਨੇ ਤਿੰਨ ਮੁੱਖ ਮੰਤਰੀਆਂ ਨੂੰ ਅਜ਼ਮਾਇਆ, ਜਿਸ ਵਿੱਚ ਸਭ ਤੋਂ ਪਹਿਲਾਂ ਮਦਨ ਲਾਲ ਖੁਰਾਣਾ, ਫਿਰ ਸਾਹਿਬ ਸਿੰਘ ਵਰਮਾ ਅਤੇ ਉਸ ਤੋਂ ਬਾਅਦ ਸੁਸ਼ਮਾ ਸਵਰਾਜ ਨੂੰ ਦਿੱਲੀ ਦੀ ਕਮਾਨ ਪਾਰਟੀ ਨੇ ਸੌਂਪੀ। ਸਾਲ 1998 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਦਿੱਲੀ ਦੀ ਸੱਤਾ ਕਾਂਗਰਸ ਦੇ ਹੱਥ ਚਲੀ ਗਈ ਅਤੇ ਸ਼ੀਲਾ ਦੀਕਸ਼ਿਤ ਨੇ ਬਤੌਰ ਮੁੱਖ ਮੰਤਰੀ ਜ਼ਿੰਮੇਵਾਰੀ ਸੰਭਾਲੀ। ਫਿਰ 2003 ਤੇ 2008 ਵਿੱਚ ਵੀ ਕਾਂਗਰਸ ਦੇ ਹੱਥਾਂ ਵਿੱਚ ਦਿੱਲੀ ਦੀ ਸੱਤਾ ਰਹੀ ਅਤੇ ਸ਼ੀਲਾ ਦੀਕਸ਼ਿਤ ਦੀ ਅਗਵਾਈ ਵਿੱਚ ਕਾਂਗਰਸ ਨੇ ਇਥੇ ਸਰਕਾਰ ਚਲਾਈ। 2013 ਵਿੱਚ ਪੰਜਵੀਆਂ ਵਿਧਾਨ ਸਭਾ ਚੋਣਾਂ ਵਿੱਚ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਨਵੀਂ ਗਠਿਤ ਆਮ ਆਦਮੀ ਪਾਰਟੀ ਨੂੰ ਸੱਤਾ ਮਿਲੀ, ਪਰ ਉਹ ਵੀ ਕਾਂਗਰਸ ਦੀ ਹਮਾਇਤ ਨਾਲ, ਜਿਸ ਦਾ ਵਿਰੋਧ ਕਰ ਕੇ ਉਹ ਜਨਤਾ ਵਿਚਾਲੇ ਆਪਣੀ ਸਿਆਸੀ ਜ਼ਮੀਨ ਤਿਆਰ ਕਰਨ ਵਿੱਚ ਕਾਮਯਾਬ ਹੋ ਗਏ। ਇਹ ਸਰਕਾਰ ਜ਼ਿਆਦਾ ਦਿਨਾਂ ਤੱਕ ਨਹੀਂ ਚੱਲ ਸਕੀ ਅਤੇ ਫਿਰ 2015 ਵਿੱਚ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਇਤਿਹਾਸ ਰਚ ਦਿੱਤਾ ਅਤੇ ਉਸ਼ ਦੇ ਹਿੱਸੇ ਵਿੱਚ ਜਨਤਾ ਨੇ ਸੱਤਰ 'ਚੋਂ 67 ਸੀਟਾਂ ਦੇ ਦਿੱਤੀਆਂ।

ਵੋਟਰਾਂ ਦੇ ਪੱਖ ਤੋਂ ਦਿੱਲੀ ਦੇ ਸੱਤਰ ਵਿਧਾਨ ਸਭਾ ਖੇਤਰਾਂ ਵਿੱਚ ਸਭ ਤੋਂ ਵੱਡਾ ਹਲਕਾ ਮਟਿਆਲਾ ਹੈ। ਵਿਕਾਸਪੁਰੀ ਦੂਜੇ ਨੰਬਰ ਦਾ ਅਤੇ ਬੁਰਾੜੀ ਤੀਜਾ ਸਭ ਤੋਂ ਵੱਡਾ ਵਿਧਾਨ ਸਭਾ ਖੇਤਰ ਹੈ। ਮਟਿਆਲਾ ਵਿੱਚ ਵੋਟਰਾਂ ਦੀ ਕੁੱਲ ਗਿਣਤੀ 4,19,935 ਹੈ। ਇਥੇ ਮਰਦ ਵੋਟਰਾਂ ਦੀ ਗਿਣਤੀ 2,26,556 ਤੇ ਮਹਿਲਾ ਵੋਟਰਾਂ ਦੀ ਗਿਣਤੀ 1,93,364 ਹੈ। ਵੋਟਾਂ ਦੇ ਪੱਖ ਤੋਂ ਸਭ ਤੋਂ ਛੋਟਾ ਹਲਕਾ ਮਟੀਆ ਮਹੱਲ ਹੈ। ਇਥੇ ਵੋਟਰਾਂ ਦੀ ਕੁੱਲ ਗਿਣਤੀ 1,25,220 ਹੈ। ਦੂਜਾ ਸਭ ਤੋਂ ਛੋਟਾ ਵਿਧਾਨ ਸਭਾ ਹਲਕਾ ਚਾਂਦਨੀ ਚੌਕ ਹੈ। ਇਥੇ ਮਟੀਆ ਮਹੱਲ ਦੀ ਤੁਲਨਾ ਵਿੱਚ 48 ਵੋਟਰ ਘੱਟ ਹਨ। ਤੀਜਾ ਸਭ ਤੋਂ ਛੋਟਾ ਵਿਧਾਨ ਸਭਾ ਹਲਕਾ ਦਿੱਲੀ ਕੈਂਟ ਹੈ। ਦਿੱਲੀ ਵਿੱਚ ਕੁੱਲ ਸੱਤ ਲੋਕ ਸਭਾ ਸੀਟਾਂ ਹਨ। ਇਨ੍ਹਾਂ ਸੱਤਾਂ ਲੋਕ ਸਭਾ ਸੀਟਾਂ 'ਤੇ 2014 ਤੋਂ ਲੈ ਕੇ ਅੱਜ ਤੱਕ ਭਾਜਪਾ ਦਾ ਕਬਜ਼ਾ ਹੈ। ਵਿਧਾਨ ਸਭਾ ਚੋਣਾਂ 2019 ਵਿੱਚ ਦਿੱਲੀ ਵਿੱਚ ਜਿਵੇਂ ਵੋਟਿੰਗ ਹੋਈ, ਉਸ ਵਿੱਚ ਪੰਜ ਸੀਟਾਂ 'ਤੇ ਕਾਂਗਰਸ ਦੂਜੇ ਨੰਬਰ 'ਤੇ ਰਹੀ ਤਾਂ ਦੋ ਸੀਟਾਂ 'ਤੇ ਆਮ ਆਦਮੀ ਪਾਰਟੀ ਦੂਜੇ ਨੰਬਰ 'ਤੇ ਬਣੀ ਰਹੀ। ਇਸ ਤੋਂ ਪਹਿਲਾਂ 2014 ਵਿੱਚ ਦਿੱਲੀ ਦੀਆਂ ਸੱਤੇ ਲੋਕ ਸਭਾ ਸੀਟਾਂ 'ਤੇ ਆਮ ਆਦਮੀ ਪਾਰਟੀ ਦੂਜੇ ਨੰਬਰ 'ਤੇ ਸੀ। ਇਸ ਹਾਲਤ ਵਿੱਚ ਲੋਕ ਸਭਾ ਚੋਣਾਂ ਦੇ ਅੰਕੜੇ ਦੇਖੀਏ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਦਿੱਲੀ ਵਿੱਚ ਕਾਂਗਰਸ ਦੇ ਵੋਟ ਫੀਸਦੀ ਵਿੱਚ ਵਾਧਾ ਹੋਇਆ ਹੈ, ਜਿਸ ਦਾ ਸਿੱਧਾ-ਸਿੱਧਾ ਨੁਕਸਾਨ ਆਮ ਆਦਮੀ ਪਾਰਟੀ ਨੂੰ ਹੀ ਹੋਵੇਗਾ।

ਦਿੱਲੀ ਵਿੱਚ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਸੱਤ 'ਚੋਂ ਸੱਤ ਸੀਟਾਂ 'ਤੇ ਜਿੱਤ ਮਿਲੀ ਅਤੇ ਉਸ ਦਾ ਵੋਟ ਫੀਸਦੀ 56.50 ਫੀਸਦੀ ਰਿਹਾ, ਜਦ ਕਿ ਆਮ ਆਦਮੀ ਪਾਰਟੀ ਨੰ 18.10 ਫੀਸਦੀ ਵੋਟਾਂ ਅਤੇ ਕਾਂਗਰਸ ਦੇ ਹਿੱਸੇ ਵਿੱਚ 22.50 ਫੀਸਦੀ ਵੋਟਾਂ ਆਈਆਂ। ਇਸ ਤੋਂ ਪਹਿਲਾਂ ਵਿਧਾਨ ਸਭਾ ਚੋਣਾਂ 2015 ਦੀਆਂ ਸੱਤਰ ਸੀਟਾਂ ਦੇ ਨਤੀਜੇ 'ਤੇ ਗੌਰ ਕਰੀਏ ਤਾਂ ਆਪ ਨੂੰ 67 ਸੀਟਾਂ ਹਾਸਲ ਹੋਈਆਂ ਸਨ ਅਤੇ ਉਸ ਦਾ ਵੋਟ ਫੀਸਦੀ 54.30 ਫੀਸਦੀ ਸੀ, ਭਾਜਪਾ ਦੇ ਹਿੱਸੇ ਤਿੰਨ ਸੀਟਾਂ ਆਈਆਂ ਸਨ ਅਤੇ ਉਸ ਦੇ ਹਿੱਸੇ ਵਿੱਚ 32.10 ਫੀਸਦੀ ਵੋਟਾਂ ਆਈਆਂ ਸਨ। ਕਾਂਗਰਸ ਇਨ੍ਹਾਂ ਚੋਣਾਂ ਵਿੱਚ ਆਪਣਾ ਖਾਤਾ ਨਹੀਂ ਖੋਲ੍ਹ ਸਕੀ ਸੀ ਅਤੇ ਉਸ ਦੇ ਹਿੱਸੇ 9.60 ਫੀਸਦੀ ਵੋਟਾਂ ਆਈਆਂ ਸਨ।

ਇਸ ਤੋਂ ਪਹਿਲਾਂ 2013 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਹਿੱਸੇ 29 ਸੀਟਾਂ ਆਈਆਂ ਸਨ, ਭਾਜਪਾ ਨੇ 32 ਸੀਟਾਂ 'ਤੇ ਕਬਜ਼ਾ ਜਮਾਇਆ ਸੀ। ਕਾਂਗਰਸ ਨੇ ਅੱਠ ਸੀਟਾਂ ਜਿੱਤੀਆਂ ਸਨ, ਪਰ 2015 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਸੁਨਾਮੀ ਵਿੱਚ ਭਾਜਪਾ ਤੇ ਕਾਂਗਰਸ ਦੋਵਾਂ ਦਾ ਸਿਆਸੀ ਕਿਲਾ ਢਹਿ ਗਿਆ। ਲੋਕ ਸਭਾ ਚੋਣਾਂ ਵਿੱਚ ਭਾਜਪਾ 2014 ਅਤੇ 2019 ਵਿੱਚ ਆਪਣਾ ਦਬਦਬਾ ਕਾਇਮ ਰੱਖਣ ਵਿੱਚ ਕਾਮਯਾਬ ਰਹੀ। ਕਾਂਗਰਸ ਲਈ ਵੀ ਦਿੱਲੀ ਵਿੱਚ ਆਪਣਾ ਆਧਾਰ ਹਾਸਲ ਕਰਨ ਦੀ ਇੱਕ ਚੁਣੌਤੀ ਹੈ। ਦਿੱਲੀ ਦੇ ਦਿਲ ਵਾਲੇ ਵੋਟਰ ਇਸ ਵਾਰ ਕਿਸ ਨੂੰ ਆਪਣਾ ਦਿਲ ਦੇਣਗੇ, ਇਸ ਰੌਚਕ ਨਤੀਜੇ ਦੀ ਪੂਰੇ ਦੇਸ਼ ਨੂੰ ਉਡੀਕ ਰਹੇਗੀ।

# ਲੋਕ ਸੰਗੀਤ ਦਾ ਬੁਰਜ

-ਨਵਦੀਪ ਸਿੰਘ ਗਿੱਲ



ਈਦੂ ਸ਼ਰੀਫ਼ ਰਵਾਇਤੀ ਲੋਕ ਗਾਇਕੀ, ਢਾਡੀ ਤੇ ਸੂਫੀ ਗਾਇਨ ਪਰੰਪਰਾ ਦਾ ਥੰਮ੍ਹ ਸੀ। ਕੁਝ ਲੋਕ ਉਸ ਨੂੰ ਇਸ ਪਰੰਪਰਾ ਦਾ ਆਖਰੀ ਫ਼ਨਕਾਰ ਵੀ ਮੰਨਦੇ ਸਨ, ਕਿਉਂਕਿ ਅੱਜਕੱਲ੍ਹ ਗਾਇਕੀ ਪੇਸ਼ੇਵਰ ਹੋ ਗਈ ਹੈ। ਵਪਾਰਕ ਗਾਇਕੀ ਦੇ ਜ਼ਮਾਨੇ ਵਿੱਚ ਹਿੱਕ ਦੇ ਜ਼ੋਰ ਨਾਲ ਗਾਉਣ ਵਾਲੀ ਗਾਇਕੀ ਵਿੱਚ ਸੋਲਾਂ ਕਲਾਂ ਸੰਪਰੂਨ ਹੋਣ ਦੇ ਬਾਵਜੂਦ ਈਦੂ ਸ਼ਰੀਫ਼ ਨੇ ਰਵਾਇਤੀ ਲੋਕ ਗਾਇਕੀ ਦਾ ਪੱਲਾ ਨਹੀਂ ਛੱਡਿਆ। ਸ਼ਾਇਦ ਇਸੇ ਕਰਕੇ ਉਸ ਦਾ ਆਖਰੀ ਸਮਾਂ ਬਹੁਤ ਔਖਾ ਲੰਘਿਆ। ਅਧਰੰਗ ਦੀ ਬਿਮਾਰੀ ਨਾਲ ਪਿਛਲੇ ਕੁਝ ਸਾਲ ਮੰਜੇ ਉਤੇ ਪਏ ਈਦੂ ਦੇ ਪਰਵਾਰ ਨੂੰ ਇਲਾਜ ਕਰਵਾਉਣਾ ਵੀ ਔਖਾ ਹੋ ਗਿਆ। ਇਹ ਉਸ ਦੀ ਕਦਰਾਂ-ਕੀਮਤਾਂ ਵਾਲੀ ਗਾਇਕੀ ਲਈ ਪ੍ਰਤੀਬੱਧਤਾ ਹੀ ਸੀ ਕਿ ਵਿੱਤੀ ਦੁਸ਼ਵਾਰੀਆਂ ਦੇ ਬਾਵਜੂਦ ਉਸ ਨੇ ਰਵਾਇਤੀ ਗਾਇਕੀ ਦਾ ਪੱਲਾ ਨਹੀਂ ਛੱਡਿਆ। ਉਸ ਦਾ ਮਕਬੂਲ ਗੀਤ 'ਅੱਜ ਹੋਰ ਤੇ ਕੱਲ੍ਹ ਨੂੰ ਹੋਰ, ਜ਼ਿੰਦਗੀ ਦੇ ਰੰਗ ਸੱਜਣਾ' ਉਸ ਦੇ ਜੀਵਨ ਉਪਰ ਹੂ-ਬ-ਹੂ ਢੁੱਕ ਗਿਆ।

ਗਾਇਕੀ ਈਦੂ ਸ਼ਰੀਫ਼ ਨੂੰ ਵਿਰਸੇ ਵਿੱਚੋਂ ਮਿਲੀ ਸੀ। ਉਹ ਖਾਨਦਾਨੀ ਗਵੱਈਆ ਸੀ, ਜਿਸ ਦਾ ਖਾਨਦਾਨ ਪੰਜ ਪੀੜ੍ਹੀਆਂ ਤੋਂ ਗਾ ਰਿਹਾ ਸੀ ਤੇ ਅੱਗੇ ਜਾ ਕੇ ਛੇਵੀਂ ਪੀੜ੍ਹੀ ਵਿੱਚ ਉਸ ਦੇ ਪੁੱਤਰ ਸੁੱਖੀ ਖਾਨ ਅਤੇ ਫਿਰ ਸੱਤਵੀਂ ਪੀੜ੍ਹੀ ਵਿੱਚ ਪੋਤਰਾ ਬਿੰਨੀ ਵੀ ਗਾਉਣ ਲੱਗਿਆ। ਈਦੂ ਸ਼ਰੀਫ਼ ਦਾ ਪਿਤਾ ਈਦੂ ਮਹਾਰਾਜਾ ਪਟਿਆਲਾ ਦਾ ਸ਼ਾਹੀ ਗਾਇਕ ਹੁੰਦਾ ਸੀ, ਜਿਹੜਾ ਵੰਡ ਤੋਂ ਬਾਅਦ ਪਟਿਆਲਾ ਜ਼ਿਲ੍ਹੇ ਦੀ ਤਹਿਸੀਲ ਨਾਭਾ ਦੇ ਪਿੰਡ ਲਲੋਢਾ ਵਿੱਚ ਆ ਕੇ ਵਸਿਆ ਸੀ।

ਸ਼ਰੀਫ਼ ਦੇ ਗਾਇਕ ਬਣਨ ਦੀ ਕਹਾਣੀ ਵੀ ਦਿਲਚਸਪ ਹੈ। ਉਹ ਉਸ ਵੇਲੇ 9-10 ਸਾਲ ਦਾ ਸੀ ਜਦੋਂ ਉਸ ਦੇ ਪਿਤਾ ਈਦੂ ਨੇ ਅੰਬਾਲੇ ਨੇੜੇ ਪਿੰਡ ਰਾਣੇ ਮਾਜਰਾ ਕੋਲ ਪ੍ਰੋਗਰਾਮ ਉਤੇ ਜਾਣਾ ਸੀ। ਪਹਿਲਾਂ ਤਾਂ ਸਵੇਰੇ ਪ੍ਰੋਗਰਾਮ ਉਤੇ ਜਾਣ ਲਈ ਨਾ ਉਠਣ ਕਰਕੇ ਉਸ ਨੂੰ ਪਿਤਾ ਤੋਂ ਕੁੱਟ ਪਈ। ਜਦੋਂ ਬਾਲ ਸ਼ਰੀਫ਼ ਆਪਣੇ ਪਿਤਾ ਨਾਲ ਪ੍ਰੋਗਰਾਮ ਉਤੇ ਗਿਆ ਤਾਂ ਉਥੇ ਇਕੱਠ ਇੰਨਾ ਸੀ ਕਿ ਤਿਲ ਸੁੱਟਣ ਨੂੰ ਜਗ੍ਹਾ ਨਹੀਂ ਸੀ। ਉਹ ਆਪਣੇ ਪਿਤਾ ਦੇ ਕਹਿਣ ਉਤੇ ਗਾਉਣ ਲਈ ਸਟੇਜ ਉਤੇ ਪਹੁੰਚ ਗਿਆ, ਪਰ ਭਾਰੀ ਇਕੱਠ ਦੇਖ ਕੇ ਘਬਰਾ ਗਿਆ ਤੇ ਆਪਣੇ ਪਿਤਾ ਨੂੰ ਕਹਿਣ ਲੱਗਿਆ ਕਿ ਉਸ ਕੋਲੋਂ ਨਹੀਂ ਗਾਇਆ ਜਾਣਾ। ਈਦੂ ਨੇ ਸ਼ਰੀਫ਼ ਦੇ ਵੱਟ ਕੇ ਚਪੇੜ ਮਾਰੀ। ਰੋਂਦੇ ਹੋਏ ਸ਼ਰੀਫ਼ ਨੇ ਬਿਨਾਂ ਮਾਇਕ ਤੋਂ ਹੀ ਹੀਰ-ਰਾਂਝੇ ਦਾ ਕਿੱਸਾ ਅਜਿਹਾ ਗਾਇਆ ਕਿ ਲੋਕਾਂ ਨੇ ਹੱਥਾਂ ਉਤੇ ਚੁੱਕ ਲਿਆ। ਉਸ ਤੋਂ ਬਾਅਦ ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ ਅਤੇ ਨਾ ਹੀ ਆਪਣੇ ਪਿਤਾ ਤੋਂ ਕਿਤੇ ਝਿੜਕ ਖਾਧੀ।

ਪਿਤਾ ਈਦੂ ਦੀ ਮੌਤ ਤੋਂ ਬਾਅਦ ਸ਼ਰੀਫ਼ ਨੂੰ ਈਦੂ ਸ਼ਰੀਫ਼ ਨਾਲ ਜਾਣਿਆ ਜਾਣ ਲੱਗਾ। ਗੁਰਬਤ ਦੀ ਮਾਰ ਝੱਲਦਾ ਈਦੂ ਸ਼ਰੀਫ਼ ਰੋਜ਼ੀ ਰੋਟੀ ਵਾਸਤੇ ਆਪਣੇ ਸਹੁਰੇ ਪਿੰਡ ਮਨੀਮਾਜਰਾ ਆ ਕੇ ਵਸ ਗਿਆ ਜਿੱਥੇ ਉਸ ਨੇ ਰਾਜ ਮਿਸਤਰੀ ਨਾਲ ਪੰਜ ਰੁਪਏ ਦਿਹਾੜੀ ਕੀਤੀ। ਪਰਵਾਰ ਦਾ ਢਿੱਡ ਭਰਨ ਲਈ ਉਹ ਖੱਚਰ ਰੇਹੜਾ ਚਲਾਉਣ ਲੱਗਿਆ। ਉਸ ਵੇਲੇ ਉਸ ਦੇ ਮਿੱਤਰ ਗਾਇਕ ਪੰਮੀ ਬਾਈ ਨੇ ਉਸ ਨੂੰ ਖੱਚਰ ਰੇਹੜਾ ਢੋਣ ਵਾਲੇ ਪਾਸੇ ਤੋਂ ਹਟਾ ਕੇ ਹੱਥ ਸਾਰੰਗੀ ਫੜਾ ਕੇ ਗਾਇਕੀ ਦੇ ਅਖਾੜੇ ਵਿੱਚ ਲੈ ਆਂਦਾ, ਜਿੱਥੇ ਉਸ ਨੂੰ ਉਤਰੀ ਜ਼ੋਨ ਸੱਭਿਆਚਾਰ ਕੇਂਦਰ ਵੱਲੋਂ ਪ੍ਰਤੀ ਮਹੀਨਾ ਪੰਜ ਹਜ਼ਾਰ ਰੁਪਏ ਦਿੱਤਾ ਜਾਣ ਲੱਗਾ। ਈਦੂ ਨੂੰ ਪ੍ਰੋਗਰਾਮ ਮਿਲਣੇ ਸ਼ੁਰੂ ਹੋਏ ਤੇ ਉਹ ਨਿੱਠ ਕੇ ਢਾਡੀ ਗਾਇਨ ਅਤੇ ਲੋਕ ਗਾਇਕੀ ਦੇ ਆਖੜੇ ਵਿੱਚ ਆ ਕੁੱਦਿਆ। ਪੰਮੀ ਬਾਈ ਤੋਂ ਬਾਅਦ ਅਸ਼ਵਨੀ ਚੈਟਲੀ ਅਤੇ ਫਿਰ ਮਰਹੂਮ ਜਗਦੇਵ ਸਿੰਘ ਜੱਸੋਵਾਲ ਨੇ ਉਸ ਦੀ ਸਰਪ੍ਰਸਤੀ ਕੀਤੀ। ਸਾਰੰਗੀ ਉਤੇ ਈਦੂ ਦੀਆਂ ਉਂਗਲਾਂ ਦੀ ਛੂਹ ਤੇ ਬੁਲੰਦ ਆਵਾਜ਼ ਨਾਲ ਉਸ ਨੇ ਹੀਰ-ਰਾਂਝਾ, ਮਿਰਜ਼ਾ-ਸਾਹਿਬਾ, ਸੱਸੀ-ਪੁੰਨੂੰ, ਸੋਹਣੀ-ਮਹੀਵਾਲ, ਸ਼ੀਰੀ-ਫਰਿਆਦ, ਸੁੱਚਾ ਸੂਰਮਾ, ਪੂਰਨ ਭਗਤ ਦੀਆਂ ਲੋਕ ਗਾਥਾ ਨੂੰ ਅਮਰ ਕਰ ਦਿੱਤਾ। ਉਸ ਦੀ ਗਾਈ ਹੀਰ ਦੀ ਕਲੀ ਦਾ ਕੋਈ ਤੋੜ ਨਹੀਂ ਸੀ। ਉਹ ਆਪਣੀ ਹਿੱਕ ਦੇ ਜ਼ੋਰ ਕਿੱਸਿਆਂ ਵਾਲੀਆਂ ਪ੍ਰੇਮ ਕਹਾਣੀਆਂ ਗਾਉਂਦਾ ਹੋਇਆ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੰਦਾ। ਉਸ ਦੀ ਗਾਇਕੀ ਅਸਲ ਅਰਥਾਂ ਵਿੱਚ ਸੁਣਨ ਵਾਲੀ ਸੀ। ਅੱਜ ਦੇ ਸਮੇਂ ਵਾਂਗ ਸਾਜ਼ਾਂ ਦਾ ਸਾਊਂਡ-ਸ਼ੋਰ ਅਖਾੜਿਆਂ ਵਿੱਚ ਪ੍ਰਧਾਨ ਨਹੀਂ ਹੁੰਦਾ ਸੀ। ਉਸ ਦੀ ਬੁਲੰਦ ਅਤੇ ਸੁਰੀਲੀ ਆਵਾਜ਼ ਹੀ ਅਖਾੜਾ ਬੰਨ੍ਹਣ ਲਈ ਕਾਫੀ ਸੀ। ਇਸੇ ਲਈ ਉਸ ਦੇ ਪ੍ਰੋਗਰਾਮਾਂ ਦੌਰਾਮ ਕਿਤੇ ਹੁੱਲੜਬਾਜ਼ੀ ਜਾਂ ਹਿੰਸਾ ਨਾ ਹੋਈ, ਜਿਵੇਂ ਅੱਜ ਅਸੀਂ ਗਾਉਣ ਵਾਲਿਆਂ ਦੇ ਪ੍ਰੋਗਰਾਮਾਂ ਵਿੱਚ ਗੋਲੀਆਂ-ਬੰਦੂਕਾਂ ਜਾਂ ਹਥਿਆਰ ਚੱਲਦੇ ਦੇਖਦੇ ਹਾਂ।

ਸਮਾਂ ਬਦਲਣ ਨਾਲ ਉਸ ਨੇ ਲੋਕ ਗਾਥਾਵਾਂ ਦੇ ਨਾਲ ਆਧੁਨਿਕ ਗੀਤ ਵੀ ਗਾਏ ਪਰ ਪੁਰਾਤਨ ਸਾਜ਼ਾਂ ਦਾ ਸਾਥ ਨਹੀਂ ਛੱਡਿਆ। ਉਹ ਸਾਰੰਗੀ ਨਾਲ ਜਦੋਂ ਕਿੱਸਾ ਕਾਵਿ ਤੇ ਸੂਫੀ ਕਲਾਮ ਛੇੜਦਾ ਤਾਂ ਸਮਝੋ ਸਮਾਂ ਵੀ ਠਹਿਰ ਜਾਂਦਾ। ਉਹਦੇ ਇਸੇ ਕਮਾਲ ਕਰਕੇ 2006 ਵਿੱਚ ਭਾਰਤ ਦੇ ਰਾਸ਼ਟਰਪਤੀ ਡਾ. ਏ ਪੀ ਜੇ ਅਬਦੁਲ ਕਲਾਮ ਹੱਥੋਂ ਸੰਗੀਤ ਨਾਟਕ ਅਕਾਦਮੀ ਐਵਾਰਡ ਅਤੇ 2009 ਵਿੱਚ ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਢਾਡੀ ਕਵੀਸ਼ਰ ਦਾ ਪੁਰਸਕਾਰ ਮਿਲਿਆ।

ਇਸ ਤੋਂ ਇਲਾਵਾ ਈਦੂ ਸ਼ਰੀਫ਼ ਨੂੰ ਉਤਰੀ ਜ਼ੋਨ ਸੱਭਿਆਚਾਰ ਕੇਂਦਰ, ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੇ ਗੀਤ ਅਤੇ ਡਰਾਮਾ ਡਿਵੀਜ਼ਨ, ਯੂਨੀਸੈਫ, ਪੰਜਾਬ ਸਰਕਾਰ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਵਿਭਾਗ, ਦੇਸ਼ ਦੀ ਆਜ਼ਾਦੀ ਦੀ ਗੋਲਡਨ ਜੁਬਲੀ ਮੌਕੇ ਭਾਰਤ ਸਰਕਾਰ ਵੱਲੋਂ ਕਰਾਏ ਸਮਾਗਮਾਂ, ਪਹਿਲੀਆਂ ਹਿੰਦ-ਪਾਕਿ ਪੰਜਾਬ ਖੇਡਾਂ, ਹਰਮਨ ਰੇਡੀਓ ਆਸਟ੍ਰੇਲੀਆ, ਪੰਜਾਬ ਹੈਰੀਟੇਜ ਫਾਊਂਡੇਸ਼ਨ ਵੱਲੋਂ ਕਰਾਏ ਉਸਤਵ, ਢਾਡੀ ਦੀਦਾਰ ਸਿੰਘ, ਭਗਤ ਸਿੰਘ ਲੋਹੀਆਂ, ਬਾਬਾ ਸ਼ੇਖੂ ਸ਼ਾਹ ਸਪੋਰਟਸ ਤੇ ਸੱਭਿਆਚਾਰਕ ਕਲੱਬ ਭਾਮ (ਗੁਰਦਾਸਪੁਰ) ਸਮੇਤ ਅਨੇਕਾਂ ਸੰਸਥਾਵਾਂ ਵੱਲੋਂ ਸਨਮਾਨਤ ਕੀਤਾ ਗਿਆ।

ਈਦੂ ਸ਼ਰੀਫ਼ ਦੇ ਪਰਵਾਰ ਵਿੱਚ ਇੱਕ ਧੀ ਤੇ ਤਿੰਨ ਪੁੱਤਰ ਨੁਸਰਤ ਅਲੀ (ਸੁੱਖੀ ਖਾਨ), ਗੁਲਜ਼ਾਰ ਖਾਨ ਤੇ ਵਿੱਕੀ ਖਾਨ ਹਨ। ਗਾਇਕੀ ਦੇ ਫਿਲਮਾਂਕਣ ਦੇ ਜ਼ਮਾਨੇ ਵਿੱਚ ਈਦੂ ਤੇ ਉਸ ਦੇ ਪੁੱਤਰਾਂ ਵੱਲੋਂ ਗਾਏ ਗੀਤ 'ਮੇਰੀਆਂ ਗੋਰੀਆਂ ਬਾਹਾਂ ਦੇ ਕੰਗਣਾ' ਬਹੁਤ ਮਕਬੂਲ ਹੋਇਆ। ਉਸ ਦੇ ਪੁੱਤਰਾਂ ਨਾਲ ਮਿਲ ਕੇ ਗਾਇਆ ਇੱਕ ਹੋਰ ਗੀਤ 'ਸਾਡਾ ਜੀਅ ਨਹੀਂਓਂ ਲੱਗਦਾ ਇਕੱਲਿਆ ਦਾ' ਬਹੁਤ ਮਕਬੂਲ ਹੋਇਆ। ਈਦੂ ਦੀ ਇੱਕ ਕੈਸੇਟ ਵਡਾਲੀ ਭਰਾਵਾਂ, ਬਰਕਤ ਸਿੱਧੂ ਤੇ ਪੰਮੀ ਬਾਈ ਨਾਲ ਆਈ। ਇੱਕ ਕੈਸਟ ਵਿੱਚ ਦੁੱਲੇ ਦੀ ਵਾਰ ਅਤੇ ਹੀਰ ਦੀਆਂ ਕਲੀਆਂ ਗਾਈਆਂ। ਪੁੱਤਰ ਸੁੱਖੀ ਨਾਲ ਮਿਲ ਕੇ ਵੀ ਕੈਸਟ ਕੱਢੀ। ਮਿਊਜ਼ਿਕ ਟਾਈਮਜ਼ ਨੇ ਵੀ ਈਦੂ ਨੂੰ ਰਿਕਾਰਡ ਕੀਤਾ।

# ਅਬ ਤੋਂ ਸ਼ਰਮ ਸੀ ਆਤੀ ਹੈ.

-ਮੂਰਤੀ ਕੌਰ-

ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇ ਐਨ ਯੂ) ਦਿੱਲੀ ਵਿੱਚ ਵਿਦਿਆਰਥੀਆਂ ਉਤੇ ਹੋਏ ਹਮਲੇ ਨੇ ਦੇਸ਼ ਵਿੱਚ ਨਵੀਂ ਤਰ੍ਹਾਂ ਦੇ ਸਹਿਮ ਨੂੰ ਜਨਮ ਦਿੱਤਾ ਹੈ। ਇਸ ਸਮੇਂ ਭਾਰਤ ਅੰਦਰ ਜੋ ਹਾਲਾਤ ਬਣੇ ਹੋਏ ਹਨ, ਉਹ ਸਮਾਜ ਦੇ ਹਰ ਤਬਕੇ ਲਈ ਖ਼ਤਰਨਾਕ ਹਨ। ਅਜੋਕੇ ਸਮੇਂ ਦੇ ਭਾਰਤੀ ਹਾਲਾਤ ਹਿਲਟਰ ਦੀ ਯਾਦ ਦਿਵਾਉਂਦੇ ਹਨ ਜਿਸ ਨੇ 'ਆਪਣੀ ਕੌਮ ਦਾ ਗੌਰਵ ਵਧਾਉਣ' ਲਈ ਯਹੂਦੀਆਂ ਦਾ ਸਫ਼ਾਇਆ ਕੀਤਾ। ਇਸੇ ਤਰ੍ਹਾਂ ਭਾਰਤ ਜਿਹੇ ਲੋਕਤੰਤਰੀ ਦੇਸ਼ ਅੰਦਰ ਇੱਕ ਖਾਸ ਫਿਰਕੇ ਨੂੰ ਸਥਾਪਤ ਕਰਨ ਲਈ ਹਮਲੇ ਕੀਤੇ ਜਾ ਰਹੇ ਹਨ ਅਤੇ ਦੇਸ਼ ਵਿੱਚ ਡਰ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਲੋਕਾਂ ਦੀ ਚੁਣੀ ਸਰਕਾਰ ਦਾ ਫ਼ਰਜ਼ ਹੈ ਕਿ ਉਹ ਲੋਕ ਭਲਾਈ ਲਈ ਕੰਮ ਕਰੇ, ਲੇਕਿਨ ਹੋ ਉਲਟਾ ਰਿਹਾ ਹੈ।

ਕਹਿਣ ਨੂੰ ਭਾਰਤ ਲੋਕਤੰਤਰੀ ਦੇਸ਼ ਹੈ ਪਰ ਬੰਦੇ ਨੂੰ ਆਪਣੀ ਗੱਲ ਰੱਖਣ ਦੇ ਅਧਿਕਾਰ ਤੋਂ ਵਾਂਝਾ ਕੀਤਾ ਜਾ ਰਿਹਾ ਹੈ। ਸਮਾਜਿਕ ਕਾਰਕੁਨ ਜਦੋਂ ਇਸ ਸਮੁੱਚੇ ਵਰਤਾਰੇ ਵਿਰੁੱਧ ਆਵਾਜ਼ ਉਠਾਉਂਦੇ ਹਨ ਤਾਂ ਉਨ੍ਹਾਂ ਦੀ ਆਵਾਜ਼ ਨੂੰ ਸਦਾ ਲਈ ਖ਼ਾਮੋਸ਼ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾਂਦਾ, ਜਿਵੇਂ ਪਿਛਲੇ ਸਮੇਂ ਐਮ ਐਮ ਕੁਲਬੁਰਗੀ ਤੇ ਗੌਰੀ ਲੰਕੇਸ਼ ਆਦਿ ਲੋਕਾਂ ਨਾਲ ਵਾਪਰਿਆ ਹੈ। ਇਸ ਸਮੇਂ ਦੌਰਾਨ ਸਾਡੀਆਂ ਸਿੱਖਿਆ ਸੰਸਥਾਵਾਂ ਇਸ ਵਰਤਾਰੇ ਨਾਲ ਦੋ-ਚਾਰ ਹੋਈਆਂ ਹਨ, ਸਰਕਾਰਾਂ ਨੂੰ ਡਰ ਹੈ ਕਿ ਜੇ ਲੋਕ ਪੜ੍ਹ-ਲਿਖ ਜਾਣਗੇ ਤਾਂ ਸਵਾਲ ਕਰਨਗੇ ਤੇ ਆਪਣੇ ਹਿੱਤਾਂ ਲਈ ਜਾਗਰੂਕ ਹੋਣਗੇ। ਇਸ ਲਈ ਸਰਕਾਰਾਂ ਦਾ ਪਹਿਲਾ ਕਦਮ ਸਿੱਖਿਆ ਸੰਸਥਾਵਾਂ ਨੂੰ ਪ੍ਰਾਈਵੇਟ ਕਰਨਾ ਜਾਂ ਫੀਸਾਂ ਵਿੱਚ ਵਾਧਾ ਕਰਕੇ ਸਮਾਜ ਦੇ ਇੱਕ ਖ਼ਾਸ ਵਰਗ ਨੂੰ ਛੱਡ ਕੇ ਬਾਕੀ ਵਰਗਾਂ ਨੂੰ ਸਿੱਖਿਆ ਤੋਂ ਵਿਹੂਣਾ ਕਰਨ ਵੱਲ ਜਾਂਦਾ ਹੈ। ਦੇਸ਼ ਅੰਦਰ ਅਜਿਹੇ ਬਿਲ ਪਾਸ ਕੀਤੇ ਜਾਣ ਲੱਗੇ ਹਨ ਜੋ ਲੋਕਾਂ ਵਿੱਚ ਜਾਤ ਅਤੇ ਧਰਮ ਦੇ ਆਧਾਰ ਤੇ ਵੰਡੀਆਂ ਪਾਉਣ ਦਾ ਕੰਮ ਕਰਦੇ ਹਨ।

ਇਸ ਸਮੁੱਚੇ ਵਰਤਾਰੇ ਬਾਰੇ ਸਮਾਜ ਦੇ ਹਰ ਵਰਗ ਨੂੰ ਜਿੱਥੇ ਆਪੋ-ਆਪਣੀ ਪ੍ਰਤੀਕਿਰਿਆ ਦੇਣੀ ਬਣਦੀ ਹੈ, ਉਥੇ ਉਚ ਵਿੱਦਿਅਕ ਸੰਸਥਾਵਾਂ ਲਈ ਇਸ ਵਰਤਾਰੇ ਬਾਰੇ ਪ੍ਰਤੀਕਿਰਿਆ ਦੇਣਾ ਹੋਰ ਜ਼ਰੂਰੀ ਬਣ ਜਾਂਦਾ ਹੈ ਕਿਉਂਕਿ ਇਥੇ ਪੜ੍ਹੇ-ਲਿਖੇ, ਬੌਧਿਕਤਾ ਵਾਲੇ ਲੋਕ ਵਿਚਰਦੇ ਹਨ। ਉਹ ਦੂਜੇ ਲੋਕਾਂ ਦੇ ਮੁਕਾਬਲੇ ਇਸ ਵਰਤਾਰੇ ਨੂੰ ਵਧੇਰੇ ਗਹਿਰਾਈ ਨਾਲ ਸਮਝਦੇ ਹਨ ਅਤੇ ਉਸ ਦੇ ਚੰਗੇ ਮਾੜੇ ਪ੍ਰਭਾਵਾਂ ਬਾਰੇ ਵਧੇਰੇ ਸਮਝਦੇ ਹਨ। ਮੌਜੂਦਾ ਸਰਕਾਰ ਜਿੱਥੇ ਆਮ ਲੋਕਾਂ ਨੂੰ ਆਪਣੇ ਹਿੱਤਾਂ ਦੀ ਪੂਰਤੀ ਲਈ ਵਰਤਣ ਲਈ ਯਤਨਸ਼ੀਲ ਹੈ, ਉਥੇ ਸਿੱਖਿਆ ਸੰਸਥਾਵਾਂ ਨੂੰ ਵੀ ਕਲਾਵੇ ਵਿੱਚ ਜਕੜਨ ਲਈ ਤਿਆਰ ਹੈ ਪਰ ਦੇਸ਼ ਦਾ ਪੜ੍ਹਿਆ ਲਿਖਿਆ ਵਰਗ ਸਰਕਾਰਾਂ ਦੀ ਮਾਰੂ ਨੀਤੀਆਂ ਵਿਰੁੱਧ ਆਪਣੀ ਆਵਾਜ਼ ਉਠਾ ਰਿਹਾ ਹੈ।

ਪਿਛਲੇ ਸਮੇਂ ਦੌਰਾਨ ਐਨ ਆਰ ਸੀ ਅਤੇ ਸੀ ਏ ਏ ਬਾਰੇ ਦੇਸ਼ ਵਿੱਚ ਪ੍ਰਦਰਸ਼ਨ ਹੋਏ ਹਨ। ਇਨ੍ਹਾਂ ਦੌਰਾਨ ਦਿੱਲੀ ਦੀ ਜਾਮੀਆ ਮਿਲੀਆ ਇਸਲਾਮੀਆ ਅੰਦਰ ਪੁਲਸ ਨੇ ਕੈਂਪਸ ਦੀ ਲਾਈਬ੍ਰੇਰੀ, ਟਾਇਲਟ ਅਤੇ ਹੋਸਟਲਾਂ ਵਿੱਚ ਵੜ ਕੇ ਵਿਦਿਆਰਥੀਆਂ ਦੀ ਕੁੱਟਮਾਰ ਕੀਤੀ ਜੋ ਜ਼ੁਲਮ ਦੀਆਂ ਹੱਦਾਂ ਪਾਰ ਕਰਦਾ ਵਰਤਾਰਾ ਹੈ। ਵਿਦਿਆਰਥੀਆਂ ਉਤੇ ਅੱਥਰੂ ਗੈਸ ਦੇ ਗੋਲੇ, ਲਾਠੀਆਂ ਤੇ ਗੋਲੀਆਂ ਚਲਾਈਆਂ ਗਈਆਂ। ਇਨ੍ਹਾਂ ਵਿੱਚ ਵਿਦਿਆਰਥੀਆਂ ਦਾ ਕਸੂਰ ਕੀ ਸੀ? ਕੀ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣਾ ਗੁਨਾਹ ਹੈ? ਇਸ ਯੂਨੀਵਰਸਿਟੀ ਦੇ ਵਿਦਿਆਰਥੀਆਂ ਦਾ ਕਸੂਰ ਸਿਰਫ਼ ਇੰਨਾ ਸੀ ਕਿ ਇੱਕ ਵਿਸ਼ੇਸ ਫਿਰਕੇ ਨਾਲ ਸੰਬੰਧਿਤ ਹਨ ਜਦ ਕਿ ਸਰਕਾਰ ਸਮੁੱਚੇ ਦੇਸ਼ ਨੂੰ ਇੱਕ ਧਰਮ ਦੇ ਰੰਗ ਵਿੱਚ ਰੰਗਣਾ ਚਾਹੁੰਦੀ ਹੈ। ਭਾਰਤ ਵੰਨ-ਸਵੰਨਤਾ ਵਾਲਾ ਦੇਸ਼ ਹੈ, ਜੇ ਅੱਜ ਅਸੀਂ ਇਸ ਇੱਕ ਰੰਗੀ ਸਰਕਾਰ ਦੇ ਖ਼ਿਲਾਫ਼ ਆਪਣੇ ਹਿੱਤਾਂ ਲਈ ਨਹੀਂ ਲੜਾਂਗੇ ਤਾਂ ਉਹ ਦਿਨ ਦੂਰ ਨਹੀਂ, ਜਦੋਂ ਭਾਰਤ ਸੰਸਾਰ ਵਿੱਚ ਇੱਕ ਰੰਗੇ ਦੇਸ਼ ਵਜੋਂ ਜਾਣਿਆ ਜਾਵੇਗਾ।

ਪਿਛਲੇ ਕਈ ਮਹੀਨਿਆਂ ਤੋਂ ਜੇ ਐਨ ਯੂ ਨੂੰ ਸਰਕਾਰ ਆਪਣੇ ਢੰਗ ਨਾਲ ਚਲਾਉਣ ਲਈ ਯਤਨਸ਼ੀਲ ਹੈ। ਜੇ ਐਨ ਯੂ ਦੇਸ਼ ਦੀ ਇਕੱਲੀ ਅਜਿਹੀ ਯੂਨੀਵਰਸਿਟੀ ਹੈ ਜੋ ਦੇਸ਼ ਵਿੱਚ ਹਰ ਮਸਲੇ ਨੂੰ ਪਹਿਲ ਦੇ ਆਧਾਰ ਉਤੇ ਆਪਣੀ ਵਿਚਾਰ-ਚਰਚਾ ਦਾ ਹਿੱਸਾ ਬਣਾਉਂਦੀ ਹੈ। ਇਥੋਂ ਦੇ ਵਿਦਿਆਰਥੀ ਹਮੇਸ਼ਾਂ ਅਕਾਦਮਿਕ ਮਸਲਿਆਂ ਦੇ ਨਾਲ ਦੇਸ਼ ਭਰ ਵਿੱਚ ਵਾਪਰ ਰਹੇ ਵਰਤਾਰਿਆਂ ਬਾਰੇ ਬੌਧਿਕ ਅਗਵਾਈ ਕਰਦੇ ਰਹੇ ਹਨ। ਇਸ ਯੂਨੀਵਰਸਿਟੀ ਅੰਦਰ ਫੀਸਾਂ ਬਾਰੇ ਰੋਸ ਪ੍ਰਦਰਸ਼ਨ ਹੋ ਰਹੇ ਹਨ। ਇਥੋਂ ਤੱਕ ਕਿ ਇਥੋਂ ਦੇ ਵਿਦਿਆਰਥੀਆਂ ਨੇ ਪ੍ਰੀਖਿਆਵਾਂ ਦਾ ਵੀ ਬਾਈਕਾਟ ਕੀਤਾ ਹੈ।

ਪੰਜ ਜਨਵਰੀ ਦੀ ਸ਼ਾਮ ਨੂੰ ਭਾਜਪਾ ਪੱਖੀ ਏ ਬੀ ਵੀ ਪੀ ਦੇ ਸਮਰਥਕ ਲੋਕ ਮੂੰਹਾਂ ਉਪਰ ਨਕਾਬ ਪਹਿਨ ਕੇ ਯੂਨੀਵਰਸਿਟੀ ਵਿੱਚ ਦਾਖ਼ਲ ਹੋਏ ਅਤੇ ਇਥੋਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਕੁੱਟਮਾਰ ਕਰਦੇ ਰਹੇ ਜੋ ਬਹੁਤ ਸ਼ਮਨਾਕ ਵਰਤਾਰਾ ਹੈ। ਇਹ ਖ਼ਬਰਾਂ ਵੀ ਹਨ ਕਿ ਹਮਲਾ ਪਹਿਲਾਂ ਏ ਬੀ ਵੀ ਪੀ ਅਤੇ ਖੱਬੇ-ਪੱਖੀ ਵਿਦਿਆਰਥੀਆਂ ਦਰਮਿਆਨ ਹੋਈ ਝੜਪ ਦਾ ਨਤੀਜਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਯੂਨੀਵਰਸਿਟੀ ਪ੍ਰਸ਼ਾਸਨ ਨੇ ਇਸ ਹਿੰਸਾ ਨੂੰ ਰੋਕਣ ਦੀ ਥਾਂ ਬਾਹਰਲੇ ਗੁੰਡਾ ਅਨਸਰਾਂ ਨੂੰ ਅੰਦਰ ਆ ਕੇ ਹਿੰਸਾ ਕਰਨ ਦੀ ਆਗਿਆ ਕਿਵੇਂ ਦਿੱਤੀ? ਯੂਨੀਵਰਸਿਟੀ ਪ੍ਰਸ਼ਾਸਨ ਨੇ ਸਮੇਂ ਸਿਰ ਪੁਲਸ ਨੂੰ ਨਹੀਂ ਸੱਦਿਆ ਅਤੇ ਫਿਰ ਗੁੰਡਾ ਅਨਸਰ ਦੇ ਅੰਦਰ ਦਾਖ਼ਲ ਹੋ ਜਾਣ ਤੋਂ ਬਾਅਦ ਪੁਲਸ ਨੂੰ ਆਉਣ ਦੀ ਆਗਿਆ ਕਿਉਂ ਨਾ ਦਿੱਤੀ। ਇਸ ਤੋਂ ਯੂਨੀਵਰਸਿਟੀ ਪ੍ਰਸ਼ਾਸਨ ਦੇ ਹਿੰਸਾ ਵਿੱਚ ਸ਼ਮੂਲੀਅਤ ਦੇ ਸੰਕੇਤ ਮਿਲਦੇ ਹਨ।

ਉਂਜ ਜੇ ਇਹ ਦੋ ਵਿਦਿਆਰਥੀਆਂ ਗੁੱਟਾਂ ਦੀ ਆਪਸੀ ਝੜਪ ਹੁੰਦੀ ਤਾਂ ਅਧਿਆਪਕਾਂ ਉਪਰ ਅਤੇ ਜੱਥੇਬੰਦੀਆਂ ਤੋਂ ਬਾਹਰਲੇ ਵਿਦਿਆਰਥੀਆਂ ਦੀ ਕੁੱਟਮਾਰ ਨਾ ਹੁੰਦੀ। ਸਵਾਲ ਪੈਦਾ ਹੁੰਦਾ ਹੈ ਕਿ ਏਥੇ ਵਿਦਿਆਰਥੀਆਂ ਨੂੰ ਨਕਾਬ ਪਹਿਨ ਕੇ ਆਉਣ ਦੀ ਕੀ ਲੋੜ ਪੈ ਗਈ? ਇਹ ਤੱਥ ਸ਼ੱਕ ਪੈਦਾ ਕਰਦੇ ਹਨ ਕਿ ਇਹ ਹਮਲਾ ਯੋਜਨਾਬੱਧ ਤਰੀਕੇ ਨਾਲ ਕੀਤਾ ਗਿਆ ਹੈ? ਹੋਵੇ ਨਾ ਹੋਵੇ, ਇਹ ਸਭ ਕੁਝ ਬੜੇ ਯੋਜਨਾਬੱਧ ਤਰੀਕੇ ਨਾਲ ਕੀਤਾ ਜਾ ਰਿਹਾ ਹੈ ਤਾਂ ਕਿ ਦੇਸ਼ ਅੰਦਰ ਡਰ ਦਾ ਮਾਹੌਲ ਪੈਦਾ ਕੀਤਾ ਜਾਵੇ। ਸਮਾਜ ਦਾ ਕੋਈ ਵੀ ਚੇਤੰਨ ਬੰਦਾ ਇਨ੍ਹਾਂ ਦੀ ਆਲੋਚਨਾ ਕਰਨ ਤੋਂ ਪਹਿਲਾਂ ਸੌ ਵਾਰ ਸੋਚੇ ਕਿ ਉਨ੍ਹਾਂ ਦਾ ਹਸ਼ਰ ਕਿਹੋ ਜਾ ਹੋਵੇਗਾ? ਯੂਨੀਵਰਸਿਟੀ ਕੈਂਪਸ ਵਿੱਚ ਬਾਹਰੀ ਲੋਕ ਆ ਕੇ ਹਮਲਾ ਕਰਕੇ ਜਾਇਦਾਦ ਦੀ ਭੰਨਤੋੜ ਕਰਦੇ ਹਨ ਅਤੇ ਨਾਲ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਜ਼ਖ਼ਮੀ ਕਰਕੇ ਚੱਲਦੇ ਬਣਦੇ ਹਨ। ਕੀ ਯੂਨੀਵਰਸਿਟੀ ਦਾ ਸੁਰੱਖਿਆ ਪ੍ਰਬੰਧ ਇੰਨਾ ਕਮਜ਼ੋਰ ਹੈ? ਜੇ ਦਿੱਲੀ ਪੁਲਸ ਦੀ ਗੱਲ ਕਰੀਏ ਤਾਂ ਕੀ ਇਹ ਪੁਲਸ ਦੀ ਨਲਾਇਕੀ ਹੈ ਜਾਂ ਨਾਕਾਮੀ, ਉਹ ਇੱਕ ਵੀ ਹਮਲਾਵਰ ਨੂੰ ਦਬੋਚ ਨਹੀਂ ਸਕੀ। ਕੀ ਪੁਲਸ ਦੇ ਹੱਥ ਬੰਨ੍ਹੇ ਹੋਏ ਹਨ? ਇਸ ਬਾਰੇ ਸਾਨੂੰ ਸੋਚ ਵਿਚਾਰ ਕਰਨੀ ਚਾਹੀਦੀ ਹੈ ਅਤੇ ਸਵਾਲ ਵੀ ਉਠਾਉਣੇ ਬਣਦੇ ਹਨ।

ਅਸਲ ਵਿੱਚ ਇਹ ਜਾਪਦਾ ਹੈ ਕਿ ਸਰਕਾਰ ਜੇ ਐਨ ਯੂ ਨੂੰ ਖ਼ਾਲੀ ਕਰਾਉਣਾ ਚਾਹੁੰਦੀ ਹੈ ਅਤੇ ਭਾਰਤ ਦੇ ਵੱਖ-ਵੱਖ ਖਿੱਤਿਆਂ ਵਿੱਚੋਂ ਇਥੇ ਪੜ੍ਹਨ ਲਈ ਆਉਣ ਦੇ ਚਾਹਵਾਨ ਕਿਰਤੀ, ਕਿਸਾਨ ਵਰਗਾਂ ਨਾਲ ਸਬੰਧਿਤ ਨੌਜਵਾਨਾਂ ਨੂੰ ਡਰਾਉਣਾ ਚਾਹੁੰਦੀ ਹੈ ਕਿ ਉਹ ਇਥੇ ਦਾਖ਼ਲਾ ਲੈਣ ਦੇ ਸੁਫ਼ਨੇ ਲੈਣੇ ਬੰਦ ਕਰ ਦੇਣਾ। ਇਹ ਜੇ ਐਨ ਯੂ ਦਾ ਕਿਰਦਾਰ ਬਦਲ ਕੇ ਇਸ ਨੂੰ ਸਥਾਨਕ ਯੂਨੀਵਰਸਿਟੀ ਬਣਾਉਣ ਦੀ ਚਾਹਵਾਨ ਹੈ ਜਿੱਥੇ ਸੱਜੇ-ਪੱਖੀ ਅੰਧ-ਰਾਸ਼ਟਰਵਾਦ ਦੀ ਫ਼ਸਲ ਤਿਆਰ ਕੀਤੀ ਜਾ ਸਕੇ। ਜੇ ਐਨ ਯੂ ਦੇ ਕੈਂਪਸ ਉਤੇ ਹਮਲੇ ਵਰਗੀਆਂ ਘਟਨਾਵਾਂ ਨਾਲ ਦੇਸ਼ ਅੰਦਰ ਬਹੁਤ ਹੀ ਬਰਬਰਤਾ ਵਾਲਾ ਮਾਹੌਲ ਸਿਰਜਿਆ ਜਾ ਰਿਹਾ ਹੈ ਜਿਸ ਵਿੱਚ ਅਸੀਂ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਾਂ।

ਮੁੱਦਤੇਂ ਬੀਤ ਗਈ ਹੈਂ ਜ਼ੁਲਮੋਂ ਸਿਤਮ ਸਹਿਤੇ ਹੂਏ
ਅਬ ਤੋਂ ਸ਼ਰਮ ਸੀ ਆਤੀ ਹੈ
ਇਸ ਵਤਨ ਕੋ ਵਤਨ ਕਹਿਤੇ ਹੂਏ।

ਅੱਜ ਸਾਨੂੰ ਸਭ ਨੂੰ ਦੇਸ਼ ਅੰਦਰ ਸਿਰਜੇ ਜਾ ਰਹੇ ਮਾਹੌਲ ਖ਼ਿਲਾਫ਼ ਖੜ੍ਹਨਾ ਚਾਹੀਦਾ ਹੈ, ਨਹੀਂ ਤਾਂ ਦਿੱਲੀ ਬਹੁਤੀ ਦੂਰ ਨਹੀਂ। ਸੁਰਜੀਤ ਪਾਤਰ ਦੀਆਂ ਸਤਰਾਂ ਹਨ,
ਲੱਗੀ ਜੇ ਤੇਰੇ ਕਲੇਜੇ ਹਾਲੇ ਛੁਰੀ ਨਹੀਂ,
ਇਹ ਨਾ ਸਮਝ ਕਿ ਸ਼ਹਿਰ ਦੀ ਹਾਲਤ ਬੁਰੀ ਨਹੀਂ।
ਜੇ ਐਨ ਯੂ ਤੋਂ ਸ਼ੁਰੂ ਹੋਈ ਇਹ ਅੱਗ ਦੇਸ਼ ਦੇ ਵੱਖ-ਵੱਖ ਵਿੱਦਿਅਕ ਅਦਾਰਿਆਂ ਤੋਂ ਹੁੰਦੀ ਹੋਈ ਕਦੋਂ ਸਾਡੇ ਸ਼ਹਿਰਾਂ, ਪਿੰਡਾਂ ਤੇ ਘਰਾਂ ਤੱਕ ਪਹੁੰਚ ਜਾਵੇਗੀ, ਸਾਨੂੰ ਪਤਾ ਵੀ ਨਹੀਂ ਲੱਗਣਾ, ਤੇ ਫਿਰ ਸਿਵਾਏ ਪਛਤਾਉਣ ਦੇ ਕੁਝ ਨਹੀਂ ਬਣਨਾ। ਸਾਡੇ ਕੋਲ ਆਉਣ ਵਾਲੀ ਪੀੜ੍ਹੀ ਦੇ ਸਵਾਲਾਂ ਦਾ ਕੋਈ ਜਵਾਬ ਵੀ ਨਹੀਂ ਹੋਵੇਗਾ। ਸੋ ਸਾਨੂੰ ਸਭਨਾਂ ਨੂੰ ਮਿਲ ਕੇ ਅਸਾਵੇਂ ਹੋ ਰਹੇ ਇਸ ਮਾਹੌਲ ਨੂੰ ਸਾਵਾਂ ਕਰਨ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

# ਹੈਰੀਟੇਜ ਸਟਰੀਟ ਵਿਚਲੇ ਬੁੱਤਾਂ ਦੀ ਭੰਨ-ਤੋੜ ਦੇ ਦੋਸ਼ ਵਿੱਚ ਅੱਠ ਗ੍ਰਿਫਤਾਰ



ਅੰਮ੍ਰਿਤਸਰ, 15 ਜਨਵਰੀ (ਪੋਸਟ ਬਿਊਰੋ)- ਸ੍ਰੀ ਹਰਿਮੰਦਰ ਸਾਹਿਬ ਨੂੰ ਜਾਂਦੇ ਵਿਰਾਸਤੀ ਮਾਰਗ ਉੱਤੇ ਪੰਜਾਬ ਸਰਕਾਰ ਵੱਲੋਂ ਲਾਏ ਗਏ ਭੰਗੜਾ ਅਤੇ ਗਿੱਧਾ ਪਾਉਂਦੇ ਨੌਜਵਾਨਾਂ ਦੇ ਬੁੱਤਾਂ ਨੂੰ ਤੋੜਨ ਤੋਂ ਰੋਕਣ ਉੱਤੇ ਪੁਲਸ ਪਾਰਟੀ ਦੇ ਮੁਖੀ ਏ ਐੱਸ ਆਈ ਰਾਮ ਸਿੰਘ ਉੱਤੇ ਜਾਨਲੇਵਾ ਹਮਲਾ ਕਰਨ ਦੇ ਦੋਸ਼ ਵਿੱਚ 9 ਸਿੱਖ ਨੌਜਵਾਨਾਂ ਵਿਰੁੱਧ ਕਤਲ ਦੀ ਕੋਸ਼ਿਸ਼ ਅਤੇ ਪਬਲਿਕ ਪ੍ਰਾਪਰਟੀ ਦਾ ਨੁਕਸਾਨ ਕਰਨ ਦੇ ਦੋਸ਼ ਵਿੱਚ ਥਾਣਾ ਕੋਤਵਾਲੀ ਪੁਲਸ ਨੇ ਕੇਸ ਦਰਜ ਕੀਤਾ ਹੈ। ਇਸ ਕੇਸ ਵਿਚ ਪੁਲਸ ਨੇ 8 ਜਣਿਆਂ ਨੂੰ ਗ੍ਰਿਫਤਾਰ ਕਰ ਕੇ ਅਦਾਲਤ ਤੋਂ ਜਾਂਚ ਲਈ ਇਕ ਦਿਨਾ ਪੁਲਸ ਰਿਮਾਂਡ ਉੱਤੇ ਲਿਆ ਤੇ ਮੌਕੇ ਤੋਂ ਫਰਾਰ ਹੋਏ ਇਕ ਨੌਜਵਾਨ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

ਏ ਐੱਸ ਆਈ ਰਾਮ ਸਿੰਘ ਦੀ ਸ਼ਿਕਾਇਤ ਉੱਤੇ ਥਾਣਾ ਕੋਤਵਾਲੀ ਦੀ ਪੁਲਸ ਨੇ 9 ਸਿੱਖ ਨੌਜਵਾਨਾਂ ਵਿਰੁੱਧ ਵੱਖ-ਵੱਖ ਧਾਰਾਵਾਂ ਅਤੇ ਜਨਤਕ ਜਾਇਦਾਦ ਦੀ ਭੰਨ-ਤੋੜ ਦਾ ਕੇਸ ਦਰਜ ਕੀਤਾ ਹੈ। ਇਨ੍ਹਾਂ ਵਿੱਚ ਮਨਿੰਦਰ ਸਿੰਘ ਮਣੀ ਵਾਸੀ ਢਾਹਾਂ, ਨੂਰਪੁਰ ਬੇਦੀ, ਅਮਰਜੀਤ ਸਿੰਘ ਵਾਸੀ ਭਾਈ ਮੰਝ ਰੋਡ, ਰਣਜੀਤ ਸਿੰਘ ਪਿੰਡ ਸੋਹਲ (ਝਬਾਲ), ਹਰਵਿੰਦਰ ਸਿੰਘ ਵਾਸੀ ਟਿੱਬਾ ਟੱਪਰੀਆਂ, ਗੁਰਸੇਵ ਸਿੰਘ ਵਾਸੀ ਹਸਨਪੁਰ ਖੁਰਦ, ਬਟਾਲਾ, ਰਵਿੰਦਰ ਸਿੰਘ ਘਮੌਰ ਬਲਾਚੌਰ, ਰਾਜਬੀਰ ਸਿੰਘ ਵਾਸੀ ਸੁਲਤਾਨਵਿੰਡ ਰੋਡ, ਹਰਕੁੰਵਰ ਸਿੰਘ ਵਾਸੀ ਮੋਹਨੀ ਪਾਰਕ ਅਤੇ ਅੰਮ੍ਰਿਤਪਾਲ ਸਿੰਘ ਵਾਸੀ ਮੇਹਰੋਂ ਸ਼ਾਮਲ ਹਨ। ਏ ਸੀ ਪੀ ਸੈਂਟਰਲ ਸੁਖਜਿੰਦਰ ਸਿੰਘ ਭੱਲਾ ਨੇ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਵੱਲ ਜਾਂਦੇ ਵਿਰਾਸਤੀ ਮਾਰਗ ਉੱਤੇ ਪੰਜਾਬ ਸਰਕਾਰ ਵੱਲੋਂ ਲਾਏ ਭੰਗੜਾ ਤੇ ਗਿੱਧਾ ਪਾਉਂਦੇ ਬੁੱਤਾਂ ਨੂੰ ਹਟਾਉਣ ਲਈ ਪਿਛਲੇ ਕੁਝ ਦਿਨਾਂ ਤੋਂ ਕੁਝ ਸਿੱਖ ਸੰਗਠਨ ਮੰਗ ਕਰ ਰਹੇ ਸਨ। ਪਿਛਲੀ ਰਾਤ ਡੇਢ ਵਜੇ ਦੇ ਕਰੀਬ 9 ਸਿੱਖ ਨੌਜਵਾਨ ਹੱਥਾਂ ਵਿੱਚ ਹਥੌੜੇ ਤੇ ਲੋਹੇ ਦੀ ਰਾਡ ਲੈ ਕੇ ਵਿਰਾਸਤੀ ਮਾਰਗ ਉੱਤੇ ਆਏ ਅਤੇ ਬੁੱਤਾਂ ਨੂੰ ਤੋੜਨ ਲੱਗੇ। ਜਦੋਂ ਉਥੇ ਤਾਇਨਾਤ ਪੁਲਸ ਟੀਮ ਨੇ ਇਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਪੁਲਸ ਉੱਤੇ ਹਮਲਾ ਕਰ ਦਿੱਤਾ। ਇਸ ਦੌਰਾਨ ਪੁਲਸ ਟੀਮ ਦਾ ਇੰਚਾਰਜ ਏ ਐੱਸ ਆਈ ਰਾਮ ਸਿੰਘ ਜ਼ਖਮੀ ਹੋ ਗਿਆ ਤੇ ਓਥੇ ਪਹੁੰਚੇ ਪੁਲਸ ਨੇ 8 ਨੌਜਵਾਨਾਂ ਨੂੰ ਗ੍ਰਿਫਤਾਰ ਕਰ ਲਿਆ, ਪਰ ਇਕ ਨੌਜਵਾਨ ਅੰਮ੍ਰਿਤਪਾਲ ਸਿੰਘ ਵਾਸੀ ਮੇਹਰੋਂ ਪੁਲਸ ਨੂੰ ਚਕਮਾ ਦੇ ਕੇ ਫਰਾਰ ਹੋ ਗਿਆ।

# ਜਲ੍ਹਿਆਂਵਾਲਾ ਬਾਗ਼ 'ਚ ਟਿਕਟ ਲਾਉਣ ਦਾ ਮਾਮਲਾ ਭਖਿਆ



ਅੰਮ੍ਰਿਤਸਰ, 15 ਜਨਵਰੀ (ਪੋਸਟ ਬਿਊਰੋ)- ਜਲ੍ਹਿਆਂਵਾਲਾ ਬਾਗ਼ 'ਚ ਦਾਖ਼ਲੇ ਉਤੇ ਟੂਰਿਸਟਾਂ ਅਤੇ ਸਥਾਨਕ ਨਾਗਰਿਕਾਂ ਲਈ ਲਾਈ ਜਾਣ ਵਾਲੀ ਐਂਟਰੀ ਟਿਕਟ ਬਾਰੇ ਮਾਮਲਾ ਕਾਫ਼ੀ ਭੱਖਿਆ ਹੋਇਆ ਹੈ ਅਤੇ ਇਸ ਟਿਕਟ ਨੂੰ ਮੋਦੀ ਸਰਕਾਰ ਦੁਆਰਾ ਲਾਇਆ ਜਾਣ ਵਾਲਾ ਜਜ਼ੀਆ ਟੈਕਸ ਦੱਸ ਕੇ ਵਾਪਸ ਲਏ ਜਾਣ ਦੀ ਮੰਗ ਕੀਤੀ ਜਾ ਰਹੀ ਹੈ।

ਕੱਲ੍ਹ ਅੰਮ੍ਰਿਤਸਰ ਦੇ ਵਿਧਾਇਕ ਰਾਜ ਕੁਮਾਰ ਵੇਰਕਾ ਨੇ ਸਮਰਥਕਾਂ ਸਮੇਤ ਜਲ੍ਹਿਆਂਵਾਲਾ ਬਾਗ਼ ਅੱਗੇ ਰੋਸ ਧਰਨਾ ਲਾ ਕੇ ਸ਼ਹੀਦੀ ਸਮਾਰਕ ਦੇ ਦਰਸ਼ਨ ਕਰਨ ਆਉਂਦੇ ਲੋਕਾਂ ਲਈ ਟਿਕਟ ਲਾਉਣ ਨੂੰ ਸਰਕਾਰ ਦੀ ਮੰਦਭਾਗੀ ਕਾਰਵਾਈ ਕਿਹਾ ਅਤੇ ਐਲਾਨ ਕੀਤਾ ਇਸ ਨੂੰ ਕਦੇ ਸਹਿਨ ਨਹੀਂ ਕੀਤਾ ਜਾਵੇਗਾ।

ਜਲ੍ਹਿਆਂਵਾਲਾ ਬਾਗ਼ ਨੈਸ਼ਨਲ ਮੈਮੋਰੀਅਲ ਟਰੱਸਟ ਦੇ ਸਕੱਤਰ ਐਸ ਕੇ ਮੁਖਰਜੀ ਨੇ ਦੱਸਿਆ ਕਿ ਟਿਕਟ ਲਾਉਣ ਜਾਂ ਨਾ ਲਾਉਣ ਦਾ ਫ਼ੈਸਲਾ ਕੇਂਦਰ ਸਰਕਾਰ ਦਾ ਹੈ ਤੇ ਇਸ ਮਾਮਲੇ 'ਚ ਉਨ੍ਹਾਂ ਨੂੰ ਸਲਾਹ ਦੇਣ ਜਾਂ ਦਖ਼ਲ-ਅੰਦਾਜ਼ੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਉਨ੍ਹਾਂ ਨਾਲ ਇਹ ਵੀ ਕਿਹਾ ਕਿ ਫ਼ਿਲਹਾਲ ਜਲ੍ਹਿਆਂਵਾਲਾ ਬਾਗ਼ ਸਮਾਰਕ ਵਿਖੇ ਆਉਣ 'ਤੇ ਕਿਸੇ ਪ੍ਰਕਾਰ ਦੀ ਕੋਈ ਟਿਕਟ ਨਹੀਂ ਲਾਈ ਗਈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਐਂਟਰੀ ਟਿਕਟ ਨੂੰ ਲੈ ਕੇ ਤੇਜ਼ ਹੋ ਰਹੇ ਵਿਰੋਧ ਦੇ ਮੱਦੇਨਜ਼ਰ ਸਰਕਾਰ ਫ਼ਿਲਹਾਲ ਐਂਟਰੀ ਟਿਕਟ ਦਾ ਫ਼ੈਸਲਾ ਵਾਪਸ ਲੈ ਸਕਦੀ ਹੈ।

# ਖਾੜਕੂ ਰੋਮੀ ਵੱਲੋਂ ਹਾਂਗ ਕਾਂਗ ਅਦਾਲਤ ਨੂੰ ਅਪੀਲ, ਮੈਨੂੰ ਭਾਰਤ ਦੇ ਹਵਾਲੇ ਨਾ ਕਰਿਓ



ਨਾਭਾ, 15 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਹਿੰਦੂਆਂ ਦੇ ਟਾਰਗੇਟ ਕਿਲਿੰਗਜ਼ ਅਤੇ ਮੈਕਸੀਮਮ ਸਕਿਓਰਿਟੀ ਜ਼ਿਲਾ ਜੇਲ੍ਹ ਵਿੱਚ 27 ਨਵੰਬਰ 2016 ਨੂੰ ਦਿਨ ਦਿਹਾੜੇ ਫਿਲਮੀ ਸਟਾਈਲ ਵਿੱਚ ਹੋਈ ਜੇਲ੍ਹ ਬ੍ਰੇਕ ਦੇ ਦੋਸ਼ੀ ਖਤਰਨਾਕ ਖਾੜਕੂ ਰਮਨਜੀਤ ਸਿੰਘ ਉਰਫ ਰੋਮੀ ਵੱਲੋਂ ਹਾਂਗਕਾਂਗ ਦੀ ਉਚ ਅਦਾਲਤ ਨੂੰ ਅਪੀਲ ਕੀਤੇ ਜਾਣ ਕਾਰਨ ਉਸ ਦੇ ਪੰਜਾਬ ਪੁਲਸ ਨੂੰ ਸੌਂਪਣ ਵਿੱਚ ਅਜੇ ਕੁਝ ਹੋਰ ਮਹੀਨੇ ਲੱਗ ਸਕਦੇ ਹਨ।

ਵਰਣਨ ਯੋਗ ਹੈ ਕਿ ਰੋਮੀ ਪੰਜਾਬ ਦੀ ਸਕਿਓਰਿਟੀ ਜੇਲ੍ਹ ਵਿੱਚੋਂ ਜ਼ਮਾਨਤ ਉੱਤੇ ਰਿਹਾਈ ਤੋਂ ਬਾਅਦ ਹਾਂਗਕਾਂਗ ਚਲਾ ਗਿਆ ਸੀ। ਉਸ ਦੇ ਖਿਲਾਫ ਇਥੇ ਕੋਤਵਾਲੀ ਵਿਖੇ ਕੇਸ ਦਰਜ ਹੈ। ਅਦਾਲਤ ਨੇ ਭਗੌੜਾ ਐਲਾਨਿਆ ਹੈ। ਰੋਮੀ ਨੂੰ ਫਰਵਰੀ 2018 ਵਿੱਚ ਕਿਸੇ ਸੰਗੀਨ ਕੇਸ ਵਿੱਚ ਹਾਂਗਕਾਂਗ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਉਸ ਨੂੰ ਮੋਸਟ ਵਾਂਟਿਡ ਪਰਸਨ ਵਜੋਂ ਪੰਜਾਬ ਪੁਲਸ ਗ੍ਰਿਫਤਾਰ ਕਰ ਕੇ ਪੁੱਛਗਿੱਛ ਕਰਨਾ ਚਾਹੁੰਦੀ ਹੈ। ਜੇਲ੍ਹ ਬ੍ਰੇਕ ਕਾਂਡ ਦੀ ਜਾਂਚ ਲਈ ਬਣਾਈ ਗਈ ਸਪੈਸ਼ਲ ਜਾਂਚ ਟੀਮ ਦੇ ਸੀਨੀਅਰ ਮੈਂਬਰ ਅਤੇ ਆਈ ਪੀ ਐੱਸ ਅਧਿਕਾਰੀ ਗੁਰਮੀਤ ਸਿੰਘ ਚੌਹਾਨ ਨੇ ਦੱਸਿਆ ਕਿ ਪੰਜਾਬ ਪੁਲਸ ਨੇ ਹਾਂਗਕਾਂਗ ਸਰਕਾਰ ਨਾਲ ਵਿਦੇਸ਼ ਮੰਤਰਾਲੇ ਰਾਹੀਂ 23 ਮਹੀਨਿਆਂ ਤੋਂ ਸੰਪਰਕ ਬਣਾਇਆ ਹੋਇਆ ਹੈ। ਹਾਂਗਕਾਂਗ ਅਦਾਲਤ ਨੇ 18 ਨਵੰਬਰ ਨੂੰ ਫੈਸਲਾ ਸੁਣਾਇਆ ਸੀ ਕਿ ਰੋਮੀ ਨੂੰ ਪੰਜਾਬ ਪੁਲਸ ਹਵਾਲੇ ਕੀਤਾ ਜਾ ਸਕਦਾ ਹੈ। ਇਸ ਤੋਂ ਬਾਅਦ 15 ਦਿਨਾਂ ਵਿੱਚ ਰੋਮੀ ਨੂੰ ਪੰਜਾਬ ਲਿਆਂਦਾ ਜਾਣਾ ਸੀ। ਉਸ ਦੇ ਵਕੀਲ ਨੇ ਹਾਂਗਕਾਂਗ ਦੀ ਉਚ ਅਦਾਲਤ ਵਿੱਚ ਅਪੀਲ ਕੀਤੀ ਹੈ ਕਿ ਰੋਮੀ ਨੂੰ ਭਾਰਤ ਹਵਾਲੇ ਨਾ ਕੀਤਾ ਜਾਵੇ। ਚੌਹਾਨ ਅਨੁਸਾਰ ਰੋਮੀ ਦੇ ਟਰਾਇਲ ਕੇਸ ਦੌਰਾਨ ਤਾਂ 17-18 ਮਹੀਨੇ ਲੱਗ ਗਏ ਸਨ। ਹਾਂਗਕਾਂਗ ਦੀ ਉੱਚ ਅਦਾਲਤ ਵੱਲੋਂ ਫੈਸਲਾ ਸੁਣਾਏ ਜਾਣ ਦੀ ਉਡੀਕ ਕੀਤੀ ਜਾ ਰਹੀ ਹੈ। ਕਿੰਨਾ ਸਮਾਂ ਹੋਰ ਲੱਗੇਗਾ? ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।

# ਜ਼ਿਆਦਾ ਕੀਮਤ ਲੈਣ ਲਈ 267 ਰੁਪਏ ਬਦਲੇ ਖ਼ਪਤਕਾਰ ਨੂੰ 35 ਹਜ਼ਾਰ ਮੋੜਨੇ ਪੈਣਗੇ



ਜਲੰਧਰ, 15 ਜਨਵਰੀ (ਪੋਸਟ ਬਿਊਰੋ)- ਵੱਧ ਤੋਂ ਵੱਧ ਮੁੱਲ ਤੋਂ ਵੀ ਜ਼ਿਆਦਾ ਕੀਮਤ ਲੈਣਾ ਅਤੇ ਉਸ 'ਤੇ ਜੀ ਐਸ ਟੀ ਵਸੂਲਣਾ ਫੇਅਰਡੀਲ ਏਜੰਸੀਜ਼ ਨੂੰ ਮਹਿੰਗਾ ਪਿਆ ਹੈ। ਏਜੰਸੀ ਨੇ ਉਸ ਤੋਂ ਵੱਧ ਕੀਮਤ ਅਤੇ ਜੀ ਐਸ ਟੀ ਵਜੋਂ 267 ਰੁਪਏ ਵੱਧ ਵਸੂਲੇ ਸਨ, ਜਿਸ ਬਦਲੇ ਉਨ੍ਹਾਂ ਨੂੰ ਇਹ ਪੈਸੇ ਮੋੜਨ ਦੇ ਨਾਲ 35 ਹਜ਼ਾਰ ਰੁਪਏ ਵੀ ਮਾਨਸਿਕ ਪਰੇਸ਼ਾਨੀ ਤੇ ਕੇਸ ਖ਼ਰਚੇ ਤੌਰ 'ਤੇ ਵੱਖਰੇ ਦੇਣਗੇ ਪੈਣਗੇ। ਜ਼ਿਲ੍ਹਾ ਖ਼ਪਤਕਾਰ ਫੋਰਮ ਨੇ ਇਹ ਹੁਕਮ ਦਿੱਤਾ ਹੈ।

ਨਿਊ ਸ਼ੀਤਲ ਨਗਰ ਦੇ ਸੰਨੀ ਨੇ ਸ਼ਿਕਾਇਤ ਦਿੱਤੀ ਸੀ ਕਿ ਉਨ੍ਹਾਂ ਦੇ ਘਰ ਮੁਰੰਮਤ ਦਾ ਕੰਮ ਚੱਲ ਰਿਹਾ ਸੀ। 22 ਮਾਰਚ 2018 ਨੂੰ ਗਾਓਜਿੰਗ ਰਾਡ ਖ਼ਰੀਦੀ ਸੀ, ਜਿਸ ਨੂੰ ਵੈਲਡਿੰਗ 'ਚ ਵਰਤਿਆ ਜਾਣਾ ਸੀ। ਇਸਦੀ ਕੀਮਤ ਐਮ ਆਰ ਪੀ 933 ਰੁਪਏ 93 ਪੈਸੇ ਲਿਖੀ ਹੋਈ ਸੀ। ਪ੍ਰਤੀ ਪੀਸ ਕੀਮਤ 18.70 ਰੁਪਏ ਸੀ, ਜਿਸ 'ਚ ਟੈਕਸ ਸ਼ਾਮਲ ਸੀ। ਇਸ ਦੇ ਬਾਵਜੂਦ ਨਹਿਰੂ ਗਾਰਡਨ ਰੋਡ ਦੀ ਫੇਅਰਡੀਲ ਏਜੰਸੀਜ਼ ਨੇ ਇੱਕ ਹਜ਼ਾਰ ਰੁਪਏ ਕੀਮਤ ਲਾਈ ਅਤੇ 18 ਫ਼ੀਸਦੀ ਦੇ ਹਿਸਾਬ ਨਾਲ 180 ਰੁਪਏ ਜੀ ਐਸ ਟੀ ਲਿਆ। ਸ਼ਿਕਾਇਤ ਕਰਤਾ ਨੇ ਬਿੱਲ 'ਤੇ ਵੱਧ ਤੋਂ ਵੱਧ ਮੁੱਲ ਦੇਖਿਆ ਤਾਂ ਪੁੱਛਿਆ ਕਿ ਉਸ ਤੋਂ ਜ਼ਿਆਦਾ ਪੈਸੇ ਕਿਉਂ ਲਏ ਜਾ ਰਹੇ ਹਨ। ਇਸ ਦੇ ਬਾਵਜੂਦ ਉਹ ਰਾਜ਼ੀ ਨਾ ਹੋਇਆ। ਉਨ੍ਹਾਂ ਨੇ ਵਾਧੂ ਵਸੂਲੇ 67 ਰੁਪਏ ਵਾਪਸ ਮੋੜਨ, ਜੀ ਐਸ ਟੀ ਦੀ ਰਕਮ ਰਿਫੰਡ ਕਰਨ ਦੀ ਮੰਗ ਕੀਤੀ। ਫੋਰਮ ਨੇ ਨੋਟਿਸ ਕੱਢਿਆ ਤਾਂ ਇਸ ਮਾਮਲੇ 'ਚ ਪਾਰਟੀ ਬਣਾਏ ਫੇਅਰਡੀਲ ਏਜੰਸੀਜ਼ ਤੇ ਗੋਇਲ ਏਜੰਸੀਜ਼ ਨੇ ਸਾਂਝਾ ਜਵਾਬ ਦੇ ਕੇ ਕਿਹਾ ਬਿੱਲ ਕੈਸ਼ ਮੀਮੋ 'ਚ ਟਾਈਪੋਗ੍ਰਾਫਿਕਸ ਗ਼ਲਤੀ ਹੈ। ਉਹ ਵਾਧੂ ਕੀਮਤ ਅਤੇ ਜੀ ਐਸ ਟੀ ਰਕਮ ਮੋੜਨ ਲਈ ਤਿਆਰ ਹਨ। ਦੋਵੇਂ ਧਿਰਾਂ ਨੂੰ ਸੁਣਨ ਤੋਂ ਬਾਅਦ ਫੋਰਮ ਦੇ ਪ੍ਰਧਾਨ ਕਰਨੈਲ ਸਿੰਘ ਅਤੇ ਮੈਂਬਰ ਜਿਓਤਸਨਾ ਨੇ ਫ਼ੈਸਲਾ ਦਿੰਦਿਆਂ ਕਿਹਾ ਕਿ ਸ਼ਿਕਾਇਤ ਕਰਤਾ ਦੇ ਦੋਸ਼ਾਂ ਨੂੰ ਕੰਪਨੀਆਂ ਨੇ ਮਨਜ਼ੂਰ ਕਰ ਲਿਆ ਹੈ। ਫੋਰਮ ਨੇ ਗ਼ਲਤੀ ਨਾਲ ਜ਼ਿਆਦਾ ਪੈਸੇ ਵਸੂਲਣ ਦੇ ਤਰਕ ਨੂੰ ਵੀ ਰੱਦ ਕਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਕਿਸੇ ਤੀਜੇ ਵਿਅਕਤੀ ਤੋਂ ਵੀ ਇਸ ਤਰ੍ਹਾਂ ਦੀ ਵਸੂਲੀ ਕੀਤੀ ਗਈ, ਜਿਸ ਤੋਂ ਜ਼ਾਹਿਰ ਹੈ ਕਿ ਉਹ ਓਵਰਚਾਰਜਿੰਗ ਦੇ ਆਦੀ ਹਨ। ਫੋਰਮ ਨੇ ਕਿਹਾ ਕਿ ਕੋਈ ਵੀ ਰਿਟੇਲਰ ਕਿਸੇ ਚੀਜ਼ ਨੂੰ ਵੱਧ ਤੋਂ ਵੱਧ ਮੁੱਲ ਤੋਂ ਵੱਧ ਨਹੀਂ ਵੇਚ ਸਕਦਾ। ਜੇ ਵੇਚਿਆ ਤਾਂ ਉਹ ਸਰਾਸਰ ਅਨਫੇਅਰ ਟਰੇਡ ਪ੍ਰੈਕਟਿਸ ਹੈ। ਇਸ ਤੋਂ ਬਾਅਦ ਫੋਰਮ ਨੇ ਫੇਅਰਡੀਲ ਏਜੰਸੀਜ਼ ਨੂੰ ਹੁਕਮ ਦਿੱਤੇ ਕਿ ਸ਼ਿਕਾਇਤਕਰਤਾ ਨੂੰ ਵਾਧੂ ਵਸੂਲੀ ਕੀਮਤ, ਜੀ ਐਸ ਟੀ ਵਾਪਸ ਮੋੜਿਆ ਜਾਵੇ। ਮਾਨਸਿਕ ਪਰੇਸ਼ਾਨੀ ਦੇ ਇਵਜ਼ 'ਚ 25 ਹਜ਼ਾਰ ਤੇ ਕੇਸ ਖਰਚੇ ਵਜੋਂ 10 ਹਜ਼ਾਰ ਮੋੜਨ ਲਈ ਕਿਹਾ।

ਸੰਬੰਧਤ ਚੈਨਲ ਨੇ ਕਿਹਾ:

# ਗੁਰਬਾਣੀ ਪ੍ਰਸਾਰਨ ਬਾਰੇ ਅਸੀਂ ਕਿਸੇ 'ਤੇ ਇਤਰਾਜ਼ ਨਹੀਂ ਕਰਾਂਗੇ

ਜਲੰਧਰ, 15 ਜਨਵਰੀ (ਪੋਸਟ ਬਿਊਰੋ)- ਪੀ ਟੀ ਸੀ ਨੈਟਵਰਕ ਚੈਨਲ ਦੇ ਪ੍ਰਬੰਧਕਾਂ ਨੇ ਹੁਕਮਨਾਮੇ ਬਾਰੇ ਵਿਵਾਦ ਬੰਦ ਕਰਨ ਲਈ ਐਲਾਨ ਕੀਤਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਤੋਂ ਜਾਰੀ ਹੁੰਦੇ ਹੁਕਮਨਾਮੇ ਨੂੰ ਕਿਸੇ ਵੱਲੋਂ ਵੀ ਆਪੋ-ਆਪਣੇ ਮਾਧਿਅਮ ਨਾਲ ਸੰਗਤਾਂ ਤੱਕ ਪਹੁੰਚਾਉਣ ਉੱਤੇ ਨਾ ਇਤਰਾਜ਼ ਹੈ ਤੇ ਨਾ ਹੋਵੇਗਾ।

ਇੱਕ ਲਿਖਤੀ ਬਿਆਨ ਵਿਚ ਪੀ ਟੀ ਸੀ ਨੈਟਵਰਕ ਦੇ ਪ੍ਰੈਜ਼ੀਡੈਂਟ ਤੇ ਮੈਨੇਜਿੰਗ ਡਾਇਰੈਕਟਰ ਰਬਿੰਦਰ ਨਰਾਇਣ ਨੇ ਕਿਹਾ ਹੈ ਕਿ ਬੇਲੋੜਾ ਵਿਵਾਦ ਖਤਮ ਕਰਨਾ ਅਸੀਂ ਆਪਣਾ ਇਖ਼ਲਾਕੀ ਫਰਜ਼ ਸਮਝਦੇ ਹਾਂ। ਉਨ੍ਹਾਂ ਕਿਹਾ ਕਿ ਵੱਖ-ਵੱਖ ਮੀਡੀਆ ਅਦਾਰਿਆਂ ਵੱਲੋਂ ਪ੍ਰਸਾਰਨ ਸਮੇਂ ਗੁਰ ਮਰਿਆਦਾ ਦੀ ਉਲੰਘਣਾ ਕਰਨ ਜਾਂ ਗੁਰਬਾਣੀ ਦਾ ਨਿਰਾਦਰ ਕਰਨ ਦਾ ਮਸਲਾ ਅਸੀਂ ਸੰਗਤਾਂ, ਸੰਗਤ ਵੱਲੋਂ ਚੁਣੀ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਉੱਤੇ ਛੱਡਦੇ ਹਾਂ। ਉਨ੍ਹਾਂ ਸਪੱਸ਼ਟ ਕੀਤਾ ਕਿ ਗੁਰਬਾਣੀ ਇਲਾਹੀ ਦਾਤ ਹੈ ਅਤੇ ਇਸ 'ਤੇ ਕਿਸੇ ਦਾ ਬੌਧਿਕ ਏਕਾ ਅਧਿਕਾਰ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਅਸੀਂ ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸਾਰੀ ਸਥਿਤੀ ਸਪੱਸ਼ਟ ਕਰ ਰਹੇ ਹਾਂ, ਉਹ ਜੋ ਫੈਸਲਾ ਕਰਨਗੇ, ਸਾਨੂੰ ਪ੍ਰਵਾਨ ਹੋਵੇਗਾ। ਉਨ੍ਹਾਂ ਕਿਹਾ ਕਿ ਸਿੱਖ ਕੌਮ ਵਿੱਚ ਪਹਿਲਾਂ ਹੀ ਮੁਸ਼ਕਲਾਂ ਤੇ ਔਕੜਾਂ ਹਨ, ਅਸੀਂ ਨਹੀਂ ਚਾਹੁੰਦੇ ਕਿ ਬੇਲੋੜਾ ਵਿਵਾਦ ਅੱਗੇ ਵਧਾਇਆ ਜਾਵੇ।

ਨਰਾਇਣ ਨੇ ਸੰਗਤਾਂ ਨੂੰ ਕਿਹਾ ਹੈ ਕਿ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਤੋਂ ਗੁਰਬਾਣੀ ਟੈਲੀਕਾਸਟ ਲਈ ਉਥੋਂ ਦੀ ਪ੍ਰਬੰਧਕ ਕਮੇਟੀ ਵੱਲੋਂ ਇੱਕ ਨਿੱਜੀ ਚੈਨਲ ਨੂੰ ਲੱਖਾਂ ਰੁਪਏ ਦਿੱਤੇ ਜਾਂਦੇ ਸਨ।

# ਚੰਦੂਮਾਜਰਾ ਨੇ ਢੀਂਡਸਾ ਪਿਤਾ-ਪੁੱਤਰ ਦੇ ਖ਼ਿਲਾਫ਼ ਅਕਾਲੀ ਦਲ ਦੇ ਬਿਆਨ ਤੋਂ ਨਾਤਾ ਤੋੜਿਆ



ਚੰਡੀਗੜ੍ਹ, 15 ਜਨਵਰੀ (ਪੋਸਟ ਬਿਊਰੋ)- ਅਕਾਲੀ ਦਲ 'ਚ ਸੁਲਗਦੀ 'ਬਗਾਵਤ ਦੀ ਅੱਗ' ਹੋਰ ਤੇਜ਼ ਹੋਣ ਦੇ ਆਸਾਰ ਹਨ। ਬਾਦਲ ਵਿਰੋਧੀ ਧੜਿਆਂ ਵੱਲੋਂ ਜਿੱਥੇ ਸਿਆਸੀ ਸਰਗਰਮੀਆਂ 'ਚ ਵਾਧਾ ਕਰਕੇ ਚੁਣੌਤੀਆਂ ਦਿੱਤੀ ਜਾ ਰਹੀ ਹੈ, ਉਥੇ ਹੋਰਨਾਂ ਸੀਨੀਅਰ ਅਕਾਲੀ ਆਗੂਆਂ ਦੇ ਵੀ ਪਾਰਟੀ ਨਾਲ ਮੱਤਭੇਦ ਸਾਹਮਣੇ ਆਉਣ ਲੱਗੇ ਹਨ।

ਸੀਨੀਅਰ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਨਾਰਾਜ਼ਗੀ ਪ੍ਰਗਟਾ ਕਰਦਿਆਂ ਪਾਰਟੀ ਵੱਲੋਂ ਸਸਪੈਂਡ ਕੀਤੇ ਢੀਂਡਸਾ ਪਿਤਾ-ਪੁੱਤਰ (ਸੁਖਦੇਵ ਸਿੰਘ ਢੀਂਡਸਾ ਅਤੇ ਪਰਮਿੰਦਰ ਸਿੰਘ ਢੀਂਡਸਾ) ਦੇ ਖ਼ਿਲਾਫ਼ ਜਾਰੀ ਕੀਤੇ ਬਿਆਨ ਤੋਂ ਪਾਸਾ ਵੱਟ ਲਿਆ ਹੈ। ਉਨ੍ਹਾਂ ਪਾਰਟੀ ਦੀ ਇਸ ਕਾਰਵਾਈ ਨੂੰ ਗ਼ਲਤ ਕਰਾਰ ਦਿੰਦਿਆਂ ਆਖਿਆ ਕਿ ''ਅਕਾਲੀ ਦਲ ਵੱਲੋਂ ਢੀਂਡਸਾ ਪਿਤਾ-ਪੁੱਤਰ ਖ਼ਿਲਾਫ਼ ਜੋ ਬਿਆਨ ਕੱਲ੍ਹ ਜਾਰੀ ਕੀਤਾ ਗਿਆ ਸੀ, ਉਸ ਬਾਰੇ ਉਨ੍ਹਾਂ ਨੂੰ ਭਰੋਸੇ ਵਿੱਚ ਨਹੀਂ ਲਿਆ ਗਿਆ, ਜਿਸ ਦਾ ਉਨ੍ਹਾਂ ਨੂੰ ਅਖ਼ਬਾਰਾਂ ਤੋਂ ਪਤਾ ਲੱਗਾ ਹੈ।'' ਚੰਦੂਮਾਜਰਾ ਨੇ ਕਿਹਾ ਕਿ ਪਾਰਟੀ ਵੱਲੋਂ ਜਾਰੀ ਕੀਤੇ ਬਿਆਨ ਰਾਹੀਂ ਸੀਨੀਅਰ ਆਗੂ ਅਤੇ ਪਾਰਲੀਮੈਂਟ ਮੈਂਬਰ ਦੇ ਖ਼ਿਲਾਫ਼ ਜੋ ਸ਼ਬਦਾਵਲੀ ਵਰਤੀ ਗਈ ਹੈ, ਉਹ ਇਤਰਾਜ਼ਯੋਗ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨੂੰ ਚਾਹੀਦਾ ਹੈ ਕਿ ਜਦੋਂ ਕੋਈ ਬਿਆਨ ਜਾਰੀ ਕਰਨਾ ਹੋਵੇ ਤਾਂ ਸਭ ਤੋਂ ਪਹਿਲਾਂ ਜਿਸ ਆਗੂ ਦੇ ਨਾਮ 'ਤੇ ਬਿਆਨ ਜਾਰੀ ਕੀਤਾ ਜਾਂਦਾ ਹੈ, ਉਸ ਨੂੰ ਭਰੋਸੇ 'ਚ ਲਿਆ ਜਾਵੇ ਅਤੇ ਸ਼ਬਦਾਵਲੀ ਅਤੇ ਬਿਆਨ 'ਚ ਵਰਤੀ ਗਈ ਭਾਸ਼ਾ ਦੀ ਪ੍ਰਵਾਨਗੀ ਵੀ ਲਈ ਜਾਵੇ। ਮਿਲੀ ਜਾਣਕਾਰੀ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਨੇ ਕੱਲ੍ਹ ਪਾਰਲੀਮੈਂਟ ਮੈਂਬਰ ਬਲਵਿੰਦਰ ਸਿੰਘ ਭੂੰਦੜ ਤੇ ਪ੍ਰੇਮ ਸਿੰਘ ਚੰਦੂਮਾਜਰਾ ਦੇ ਨਾਮ 'ਤੇ ਤਿੱਖੀ ਸ਼ਬਦਾਵਲੀ ਦੀ ਵਰਤੋਂ ਕਰ ਕੇ ਢੀਂਡਸਾ ਪਿਤਾ-ਪੁੱਤਰ ਖ਼ਿਲਾਫ਼ ਬਿਆਨ ਜਾਰੀ ਕੀਤਾ ਸੀ, ਜਿਸ 'ਚ ਸੁਖਦੇਵ ਸਿੰਘ ਦੇ ਹੱਥਾਂ 'ਚ ਖੇਡਣ, ਲੋਕਾਂ 'ਚੋਂ ਰੱਦ ਕੀਤਾ ਹੋਇਆ ਤੇ ਅਕਾਲੀ ਦਲ ਤੋਂ ਅਹੁਦੇ ਹਾਸਲ ਕਰਨ ਵਾਲਾ ਨੇਤਾ ਕਰਾਰ ਦਿੱਤਾ ਗਿਆ ਸੀ।

# ਕੋਟਕਪੂਰਾ ਗੋਲੀ ਕਾਂਡ ਕੇਸ ਸਬੰਧੀ ਐੱਸ ਪੀ ਅਤੇ ਸਾਬਕਾ ਵਿਧਾਇਕ ਦੀ ਜ਼ਮਾਨਤ ਹਾਈ ਕੋਰਟ ਵੱਲੋਂ ਮਨਜ਼ੂਰ




ਚੰਡੀਗੜ੍ਹ, 15 ਜਨਵਰੀ (ਪੋਸਟ ਬਿਊਰੋ)- ਕੋਟਕਪੂਰਾ ਗੋਲੀ ਕਾਂਡ ਦੇ ਦੋਸ਼ੀ ਐੱਸ ਪੀ ਫਿਰੋਜ਼ਪੁਰ ਬਲਜੀਤ ਸਿੰਘ ਸਿੱਧੂ, ਸਾਬਕਾ ਅਕਾਲੀ ਵਿਧਾਇਕ ਮਨਤਾਰ ਸਿੰਘ ਬਰਾੜ ਅਤੇ ਇੰਸਪੈਕਟਰ ਗੁਰਦੀਪ ਸਿੰਘ ਦੀ ਜ਼ਮਾਨਤ ਅਰਜ਼ੀ ਹਾਈ ਕੋਰਟ ਨੇ ਮਨਜ਼ੂਰ ਕਰ ਲਈ ਹੈ। ਕੋਰਟ ਨੇ ਅਗਾਊਂ ਜਮਾਨਤ ਮਨਜ਼ੂਰ ਕਰ ਕੇ ਦੋਸ਼ੀਆਂ ਨੂੰ ਫਰੀਦਕੋਟ ਜ਼ਿਲਾ ਅਦਾਲਤ ਵਿੱਚ ਤੈਅ ਤਰੀਕ 'ਤੇ ਪੇਸ਼ ਹੋਣ ਨੂੰ ਕਿਹਾ ਸੀ। ਇਸ ਤੋਂ ਪਹਿਲਾਂ ਫਰੀਦਕੋਟ ਦੀ ਅਦਾਲਤ ਨੇ ਸਿੱਧੂ ਅਤੇ ਹੋਰਨਾਂ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਸੀ। ਇਸ ਦੇ ਬਾਅਦ ਹਾਈ ਕੋਰਟ ਤੋਂ ਜ਼ਮਾਨਤ ਦੀ ਮੰਗ ਕੀਤੀ ਗਈ ਸੀ। ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਅਤੇ ਚਰਨਜੀਤ ਸ਼ਰਮਾ ਨੂੰ ਪਹਿਲਾਂ ਹੀ ਜ਼ਮਾਨਤ ਮਿਲ ਚੁੱਕੀ ਹੈ।

ਗੋਲੀ ਕਾਂਡ ਦੀ ਜਾਂਚ ਕਰ ਰਹੀ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਐੱਸ ਆਈ ਟੀ) ਨੇ ਆਪਣੀ ਜਾਂਚ ਦੇ ਆਧਾਰ 'ਤੇ ਉਸ ਸਮੇਂ ਕੋਟਕਪੂਰਾ ਦੇ ਡੀ ਐੱਸ ਪੀ ਬਲਜੀਤ ਸਿੰਘ ਸਿੱਧੂ ਨੂੰ ਇਸ ਵਿੱਚ ਨਾਮਜ਼ਦ ਕਰ ਕੇ ਫਰੀਦਕੋਟ ਦੀ ਜ਼ਿਲਾ ਅਦਾਲਤ ਵਿੱਚ ਚਾਰਜਸ਼ੀਟ ਦਾਖਲ ਕੀਤੀ ਹੋਈ ਹੈ। ਉਨ੍ਹਾਂ 'ਤੇ ਉਸ ਗੋਲੀ ਕਾਂਡ ਦੀ ਘਟਨਾ ਬਾਰੇ ਸੀ ਸੀ ਟੀ ਵੀ ਫੁਟੇਜ, ਵੀਡੀਓਗਰਾਫੀ ਸਮੇਤ ਅਹਿਮ ਸਬੂਤ ਨਸ਼ਟ ਕਰਨ ਅਤੇ ਘਟਨਾ ਵਿੱਚ ਪੁਲਸ ਦੀ ਗੋਲੀ ਨਾਲ ਜ਼ਖਮੀ ਲੋਕਾਂ ਦੀ ਰਿਪੋਰਟ ਉੱਤੇ ਕਾਰਵਾਈ ਨਾ ਕਰਨ ਅਤੇ ਪੁਲਸ ਗੋਲੀ ਨਾਲ ਜ਼ਖਮੀ ਅਜੀਤ ਸਿੰਘ ਦੀ ਕੁੱਟਮਾਰ ਕਰਨ ਦੇ ਦੋਸ਼ ਹਨ।

# ਫਿਰੋਜ਼ਪੁਰ ਤੇ ਤਰਨ ਤਾਰਨ ਵਿੱਚ ਪਾਕਿ ਦੇ ਡਰੋਨ ਚਾਰ ਵਾਰ ਵੜੇ



ਫਿਰੋਜ਼ਪੁਰ, 15 ਜਨਵਰੀ (ਪੋਸਟ ਬਿਊਰੋ)- ਭਾਰਤ-ਪਾਕਿ ਸਰਹੱਦ 'ਤੇ ਫਿਰ ਪਾਕਿਸਤਾਨ ਵੱਲੋਂ ਚਾਰ ਵਾਰ ਭੇਜੇ ਗਏ ਡਰੋਨ ਦੇਖੇ ਗਏ ਹਨ। ਸੀਮਾ ਸੁਰੱਖਿਆ ਬਲ (ਬੀ ਐੱਸ ਐੱਫ) ਦੇ ਜਵਾਨਾਂ ਨੇ ਫਾਈਰਿੰਗ ਕਰ ਕੇ ਇਨ੍ਹਾਂ ਨੂੰ ਮੁੜਨ ਲਈ ਮਜਬੂਰ ਕਰ ਦਿੱਤਾ ਅਤੇ ਅੱਗੋਂ ਚੌਕਸੀ ਰੱਖੀ ਜਾ ਰਹੀ ਹੈ।

ਫਿਰੋਜ਼ਪੁਰ ਸੈਕਟਰ ਦੀ ਚੌਕੀ ਬੀ ਓ ਪੀ ਸ਼ਾਮੇ ਦੇ ਪਿੰਡ ਟੇਂਡੀਵਾਲਾ ਵਿੱਚ ਦੋ ਵਾਰ ਪਾਕਿਸਤਾਨੀ ਡਰੋਨ ਭਾਰਤੀ ਸਰਹੱਦ ਵਿੱਚ ਦਾਖਲ ਹੋਇਆ। ਦੂਸਰੀ ਵਾਰ ਸੋਮਵਾਰ ਰਾਤ 8.48 ਵਜੇ ਡਰੋਨ ਦਾਖਲ ਹੋਣ ਉਤੇ ਬੀ ਐੱਸ ਐੱਫ 136 ਬਟਾਲੀਅਨ ਦੇ ਜਵਾਨਾਂ ਨੇ ਫਾਈਰਿੰਗ ਕੀਤੀ, ਪਰ ਇਨ੍ਹਾਂ ਨੂੰ ਡੇਗਣ ਦੀ ਕਾਮਯਾਬੀ ਨਹੀਂ ਮਿਲੀ। ਘਟਨਾ ਦੇ ਦੌਰਾਨ ਪਿੰਡ ਵਾਲੇ ਸੜਕਾਂ 'ਤੇ ਨਿਕਲ ਆਏ। ਇਸ ਪਿੱਛੋਂ ਪੰਜਾਬ ਪੁਲਸ ਅਤੇ ਸੁਰੱਖਿਆ ਏਜੰਸੀਆਂ ਨੇ ਸਰਚ ਆਪਰੇਸ਼ਨ ਚਲਾਇਆ ਗਿਆ, ਪਰ ਕੁਝ ਹੱਥ ਨਹੀਂ ਲੱਗਾ। ਇਨ੍ਹਾਂ ਡਰੋਨ ਦਾ ਇਸਤੇਮਾਲ ਹਥਿਆਰ ਅਤੇ ਨਸ਼ੀਲੇ ਪਦਾਰਥ ਭੇਜਣ ਲਈ ਕੀਤਾ ਜਾ ਰਿਹਾ ਹੈ। ਪੰਜਾਬ ਪੁਲਸ ਦੇ ਡੀ ਐੱਸ ਪੀ ਹੈੱਡਕੁਆਟਰ ਗੁਰਦੀਪ ਸਿੰਘ ਨੇ ਕਿਹਾ ਕਿ ਉਹ ਮੌਕੇ ਉਤੇ ਗਏ ਸਨ, ਪਰੰਤੂ ਤਲਾਸ਼ ਵਿੱਚ ਕੁਝ ਨਹੀਂ ਮਿਲਿਆ। ਏਸੇ ਤਰ੍ਹਾਂ ਤਰਨ ਤਾਰਨ ਦੇ ਖੇਮਕਰਨ ਸੈਕਟਰ ਵਿੱਚ ਰਾਤ 10 ਵਜੇ ਪਿੰਡ ਗਜਲ ਨੇੜੇ ਦੋ ਡਰੋਨ ਭਾਰਤੀ ਖੇਤਰ ਵਿੱਚ ਦਿਖਾਈ ਦਿੱਤੇ। ਇਨ੍ਹਾਂ ਵੱਲ ਬੀ ਐੱਸ ਐੱਫ ਦੀ 116ਵੀਂ ਬਟਾਲੀਅਨ ਦੇ ਜਵਾਨਾਂ ਨੇ 10 ਰਾਉਂਡ ਫਾਇਰ ਕੀਤੇ ਤਾਂ ਡਰੋਨ ਵਾਪਸ ਮੁੜ ਗਏ। ਪਿੰਡ ਗਜਲ ਦੇ ਕੁਲਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਰਾਤ ਨੂੰ ਰੋਸ਼ਨੀ ਵਾਲੀ ਵਸਤੂ ਦੇਖੀ, ਜੋ ਕਾਫੀ ਉਚਾਈ ਉਤੇ ਸੀ। ਉਸ ਦੀ ਤੇਜ਼ ਰੋਸ਼ਨੀ ਦੋ ਵਾਰ ਮੱਧਮ ਹੋਈ। ਕਰੀਬ ਚਾਰ ਤੋਂ ਸੱਤ ਮਿੰਟ ਤੱਕ ਇਹ ਰੋਸ਼ਨੀ ਨਜ਼ਰ ਆਉਂਦੀ ਰਹੀ। ਪਿੰਡ ਰੱਤੋਕੇ ਤੇ ਭੰਗਾਲਾ ਦੇ ਲੋਕਾਂ ਨੇ ਵੀ ਡਰੋਨ ਦੇਖੇ ਜਾਣ ਦੀ ਪੁਸ਼ਟੀ ਕੀਤੀ।

# ਪੀਜੀਆਈ ਵਿੱਚ 110 ਸਾਲਾਂ ਦੀ ਔਰਤ ਦੀ ਹਿਪ ਰਿਪਲੇਸਮੈਂਟ ਸਰਜਰੀ ਸਫਲ ਰਹੀ

ਚੰਡੀਗੜ੍ਹ, 15 ਜਨਵਰੀ (ਪੋਸਟ ਬਿਊਰੋ)- ਪੀ ਜੀ ਆਈ ਚੰਡੀਗੜ੍ਹ ਨੇ ਇੱਕ 110 ਸਾਲ ਦੀ ਬਜ਼ੁਰਗ ਮਹਿਲਾ ਦੀ ਹਿਪ ਰਿਪਲੇਸਮੈਂਟ ਸਰਜਰੀ ਕਰ ਕੇ ਇਤਿਹਾਸ ਰਚ ਦਿੱਤਾ ਹੈ। ਇਹ ਸਰਜਰੀ ਪੀ ਜੀ ਆਈ ਦੇ ਡਾਕਟਰ ਪ੍ਰੋਫੈਸਰ ਵਿਜੇ ਜੀ. ਗੋਨੀ ਦੀ ਅਗਵਾਈ ਵਿੱਚ ਆਰਥੋਪੈਡਿਕ ਟੀਮ ਨੇ ਕੀਤੀ ਅਤੇ ਸਾਬਿਤ ਕਰ ਦਿੱਤਾ ਹੈ ਕਿ ਡਾਕਟਰਾਂ ਦੀ ਮਿਹਨਤ ਦੇ ਅੱਗੇ ਕੋਈ ਵੀ ਮਰਜ਼ ਵੱਡਾ ਨਹੀਂ ਹੈ। ਇਹ ਸਰਜਰੀ ਅੱਠ ਜਨਵਰੀ ਨੂੰ ਹੋਈ ਸੀ। ਪ੍ਰੋਫੈਸਰ ਵਿਜੇ ਜੀ. ਗੋਨੀ ਦੇ ਨਾਲ ਡਾਕਟਰ ਤਨਵੀਰ ਸ਼ਰਮਾ, ਡਾਕਟਰ ਦੀਪਕ, ਡਾਕਟਰ ਕਰਣ, ਡਾਕਟਰ ਪਦੀਪ ਤੇ ਡਾਕਟਰ ਸੁਮਿਤ ਸ਼ਾਮਲ ਸਨ।

ਚੰਡੀਗੜ੍ਹ ਦੀ ਮੌਲੀ ਜਾਗਰਾਂ ਕਲੋਨੀ ਦੀ ਵਸਨੀਕ ਮਹਿਲਾ ਮੰਜੌਕੀ ਨੇ ਦੱਸਿਆ ਕਿ ਉਹ ਆਪਣੇ ਪੈਰਾਂ ਉਤੇ ਖੜ੍ਹੀ ਹੋਣ ਲੱਗ ਪਈ ਹੈ। ਪ੍ਰੋਫੈਸਰ ਵਿਜੇ ਜੀ. ਗੋਨੀ ਦੇ ਮੁਤਾਬਕ ਘਰ ਵਿੱਚ ਡਿੱਗਣ ਨਾਲ ਮਹਿਲਾ ਦੇ ਹਿਪ ਦੇ ਸੱਜੇ ਪਾਸੇ ਸੱਟ ਲੱਗ ਗਈ ਸੀ। ਇਸ ਕਾਰਨ ਤੁਰਨਾ-ਫੁਰਨਾ ਤਾਂ ਦੂਰ, ਬਿਸਤਰੇ ਤੋਂ ਉਠਣਾ ਤੱਕ ਵੀ ਮੁਸ਼ਕਲ ਸੀ। ਗਿਨੀਜ ਬੁਕ ਆਫ ਵਰਲਡ ਰਿਕਾਰਡਸ ਵਿੱਚ ਯੂ ਕੇ ਵਿੱਚ 112 ਸਾਲ ਦੇ ਬਜ਼ੁਰਗ ਦੀ ਹਿਪ ਰਿਪਲੇਸਮੈਂਟ ਸਰਜਰੀ ਕਰ ਕੇ ਰਿਕਾਰਡ ਦਰਜ ਦਰਜ ਹੋਇਆ ਸੀ। ਅੱਗੋਂ ਭਾਰਤ ਵਿੱਚ ਪੀ ਜੀ ਆਈ ਚੰਡੀਗੜ੍ਹ ਨੇ ਇਹ ਰਿਕਾਰਡ ਬਣਾਇਆ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224



# ਜੇ ਐੱਨ ਯੂ ਹਿੰਸਾ ਮਾਮਲੇ ਵਿਚ ਹਾਈ ਕੋਰਟ ਨੇ ਪੁਲਸ ਨੂੰ ਕਿਹਾ, ਦੋਵਾਂ ਵਟਸਐਪ ਗਰੁੱਪਾਂ ਦੇ ਫੋਨ ਜ਼ਬਤ ਕਰੋ

ਨਵੀਂ ਦਿੱਲੀ, 15 ਜਨਵਰੀ (ਪੋਸਟ ਬਿਊਰੋ)- ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ ਐੱਨ ਯੂ) ਵਿੱਚ ਹਿੰਸਾ ਮਾਮਲੇ ਵਿੱਚ ਹਾਈ ਕੋਰਟ ਨੇ ਕੱਲ੍ਹ ਮਹੱਤਵ ਪੂਰਨ ਹੁਕਮ ਦਿੱਤਾ ਤੇ ਦਿੱਲੀ ਪੁਲਸ ਨੂੰ ਕਿਹਾ ਹੈ ਕਿ ਉਹ ਹਿੰਸਾ ਵਿੱਚ ਮਦਦ ਕਰਨ ਦਾ ਦੋਸ਼ ਵਾਲੇ ਵਟਸਐਪ ਗਰੁੱਪ ਫ੍ਰੈਂਡਸ ਆਫ ਆਰ ਐੱਸ ਐੱਸ ਅਤੇ ਯੂਨਿਟੀ ਅਗੇਂਸਟ ਲੈਫਟ ਵਾਲੇ ਮੈਂਬਰਾਂ ਦੇ ਫੋਨ ਜ਼ਬਤ ਕਰੇ ਅਤੇ ਉਨ੍ਹਾਂ ਨੂੰ ਸੰਮਨ ਭੇਜੇ।



ਕੋਰਟ ਦਾ ਇਹ ਹੁਕਮ ਸੋਸ਼ਲ ਮੀਡੀਆ ਪਲੇਟਫਾਰਮ ਵਟਸਐਪ ਵੱਲੋਂ ਇਹ ਦੱਸੇ ਜਾਣ ਦੇ ਬਾਅਦ ਆਇਆ ਹੈ ਕਿ ਉਹ ਆਪਣੇ ਸਰਵਰ 'ਤੇ ਕੋਈ ਵੀ ਮੈਸੇਜ ਸਟੋਰ ਨਹੀਂ ਕਰਦੇ, ਪਰ ਮੈਸੇਜ ਨੂੰ ਯੂਜਰਜ਼ ਦੇ ਫੋਨ ਤੋਂ ਦੋਬਾਰਾ ਹਾਸਲ ਕੀਤਾ ਜਾ ਸਕਦਾ ਹੈ। ਜਸਟਿਸ ਬ੍ਰਿਜੇਸ਼ ਸੇਠੀ ਜੇ ਐੱਨ ਯੂ ਦੇ ਤਿੰਨ ਪ੍ਰੋਫੈਸਰਾਂ ਦੀ ਉਸ ਅਰਜ਼ੀ ਉਤੇ ਸੁਣਵਾਈ ਕਰ ਰਹੇ ਸਨ, ਜਿਸ ਵਿੱਚ ਕੋਰਟ ਤੋਂ ਹਿੰਸਾ ਨਾਲ ਜੁੜਿਆ ਡਾਟਾ ਅਤੇ ਸੀ ਸੀ ਟੀ ਵੀ ਫੁਟੇਜ ਸੁਰੱਖਿਅਤ ਕਰਾਉਣ ਦਾ ਹੁਕਮ ਦੇਣ ਦੀ ਮੰਗ ਕੀਤੀ ਗਈ ਸੀ। ਕੋਰਟ ਨੇ ਗੂਗਲ ਅਤੇ ਵਟਸਐਪ ਨੂੰ ਕਿਹਾ ਕਿ ਉਹ ਆਪਣੀ ਪਾਲਿਸੀ ਮੁਤਾਬਕ ਗ੍ਰਾਹਕਾਂ ਦੀ ਬੇਸਿਕ ਜਾਣਕਾਰੀ ਦੇ ਆਧਾਰ 'ਤੇ ਡਾਟਾ ਸੁਰੱਖਿਅਤ ਕਰੇ। ਇਸ ਦੌਰਾਨ ਪੁਲਸ ਨੇ ਕੱਲ੍ਹ ਦੋ ਹੋਰ ਸ਼ੱਕੀਆਂ ਤੋਂ ਪੁੱਛਗਿੱਛ ਕੀਤੀ। ਇਨ੍ਹਾਂ ਵਿੱਚ ਸੁਚਿਤਾ ਤਾਲੁਕਦਾਰ ਅਤੇ ਪ੍ਰਿਆ ਰੰਜਨ ਸ਼ਾਮਲ ਹਨ। ਸੁਚਿਤਾ ਨੇ ਦੱਸਿਆ ਕਿ ਮੈਂ ਡੇਢ ਪੰਨੇ ਦਾ ਬਿਆਨ ਪੁਲਸ ਨੂੰ ਦਿੱਤਾ ਹੈ। ਪੁਲਸ ਉਨ੍ਹਾਂ ਤੋਂ ਵੀ ਪੁੱਛਗਿੱਛ ਕਰ ਰਹੀ ਹੈ, ਜਿਨ੍ਹਾਂ ਨੇ ਹਿੰਸਾ ਦੇ ਦਿਨ ਕੰਟਰੋਲ ਰੂਮ ਵਿੱਚ ਫੋਨ ਕੀਤਾ ਸੀ। ਪੁਲਸ ਹਿੰਸਾ ਨਾਲ ਜੁੜੇ ਵਟਸਐਪ ਗਰੁੱਪ ਦੇ 34 ਮੈਂਬਰਾਂ ਨੂੰ ਪੁੱਛਗਿੱਛ ਦਾ ਨੋਟਿਸ ਦੇਵੇਗੀ।

# 1984 ਦੇ ਦੰਗਿਆਂ ਵਿੱਚ ਉਮਰ ਕੈਦ ਕੱਟ ਰਹੇ ਬਲਵਾਨ ਖੋਖਰ ਨੂੰ ਚਾਰ ਹਫ਼ਤੇ ਪੈਰੋਲ ਮਿਲੀ

ਨਵੀਂ ਦਿੱਲੀ, 15 ਜਨਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿੱਚ ਦੋਸ਼ੀ ਤੇ ਕਾਂਗਰਸ ਦੇ ਸਾਬਕਾ ਕੌਂਸਲਰ ਬਲਵਾਨ ਖੋਖਰ ਨੂੰ ਹਾਈ ਕੋਰਟ ਦੇ ਫ਼ੈਸਲੇ ਵਿਰੁੱਧ ਇਕ ਮਹੀਨੇ ਪੈਰੋਲ ਦੇ ਦਿੱਤੀ ਹੈ। ਹਾਈ ਕੋਰਟ ਨੇ 17 ਦਸੰਬਰ 2018 ਨੂੰ ਕਾਂਗਰਸੀ ਆਗੂ ਸੱਜਣ ਕੁਮਾਰ ਦੇ ਨਾਲ ਬਲਵਾਨ ਖੋਖਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਚੀਫ ਜਸਟਿਸ ਐੱਸ ਏ ਬੋਬਡੇ, ਜਸਟਿਸ ਬੀ ਆਰ ਗਵਈ ਅਤੇ ਜਸਟਿਸ ਸੂਰਿਆਕਾਂਤ ਦੇ ਬੈਂਚ ਨੇ ਅੱਜ ਬੁੱਧਵਾਰ ਖੋਖਰ ਦੀ ਪਟੀਸ਼ਨ ਉੱਤੇ ਫ਼ੈਸਲਾ ਕਰਦੇ ਹੋਏ ਉਸ ਨੂੰ ਇਕ ਮਹੀਨੇ ਲਈ ਪੈਰੋਲ ਉੱਤੇ ਛੱਡਣ ਦਾ ਆਦੇਸ਼ ਦਿੱਤਾ ਤਾਂ ਜੋ ਉਹ ਆਪਣੇ ਪਿਤਾ ਦੇ ਸੰਸਕਾਰ ਵਿਚ ਸ਼ਾਮਲ ਹੋ ਸਕੇ। ਅਦਾਲਤ ਨੇ ਕਿਹਾ ਕਿ ਇਸ ਹਾਲਤ ਵਿੱਚ ਪਟੀਸ਼ਨ ਕਰਤਾ ਨੂੰ ਪੈਰੋਲ ਮਿਲਣਾ ਜਾਇਜ਼ ਹੈ।



ਬਲਵਾਨ ਦੀ ਪੈਰੋਲ ਦੀ ਮਿਆਦ ਬੁੱਧਵਾਰ ਤੋਂ ਸ਼ੁਰੂ ਹੋਈ ਹੈ।

ਇਕ ਅਤੇ ਦੋ ਨਵੰਬਰ 1984 ਨੂੰ ਦਿੱਲੀ ਦੀ ਪਾਲਮ ਕਾਲੋਨੀ ਦੇ ਰਾਜਨ ਨਗਰ ਵਿਚ ਪੰਜ ਸਿੱਖਾਂ ਦੇ ਕਤਲ ਅਤੇ ਰਾਜਨਗਰ ਵਿਚ ਇਕ ਗੁਰਦੁਆਰਾ ਸਾੜਨ ਦੇ ਕੇਸ ਵਿੱਚ ਹੇਠਲੀ ਅਦਾਲਤ ਦੇ ਅਪ੍ਰੈਲ 2013 ਦੇ ਫ਼ੈਸਲੇ ਨੂੰ ਪਲਟਦਿਆਂ ਹਾਈ ਕੋਰਟ ਨੇ ਸੱਜਣ ਕੁਮਾਰ ਤੇ ਬਲਵਾਨ ਖੋਖਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਇਸ ਫ਼ੈਸਲੇ ਨੂੰ ਸੱਜਣ ਕੁਮਾਰ ਨੇ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੋਈ ਹੈ। ਹਾਈ ਕੋਰਟ ਨੇ ਆਪਣੇ ਫ਼ੈਸਲੇ ਵਿੱਚ ਹੇਠਲੀ ਅਦਾਲਤ ਦੇ ਉਸ ਫ਼ੈਸਲੇ ਨੂੰ ਕਾਇਮ ਰੱਖਿਆ ਸੀ, ਜਿਸ ਵਿਚ ਬਲਵਾਨ ਖੋਖਰ, ਕੈਪਟਨ ਭਾਗਮਲ, ਗਿਰਧਾਰੀ ਲਾਲ, ਸਾਬਕਾ ਵਿਧਾਇਕ ਮਹਿੰਦਰ ਯਾਦਵ ਤੇ ਕ੍ਰਿਸ਼ਨ ਖੋਖਰ ਨੂੰ ਸਜ਼ਾ ਸੁਣਾਈ ਗਈ ਸੀ। ਕੋਰਟ ਨੇ ਯਾਦਵ ਤੇ ਕ੍ਰਿਸ਼ਨ ਖੋਖਰ ਦੀ ਸਜ਼ਾ ਨੂੰ ਵਧਾ ਕੇ ਦਸ ਸਾਲ ਕਰ ਦਿੱਤੀ ਸੀ। ਹਾਈ ਕੋਰਟ ਨੇ ਇਸ ਫ਼ੈਸਲੇ ਵਿਚ ਕਿਹਾ ਸੀ ਕਿ ਇਹ ਦੰਗੇ ਦੇਸ਼ ਲਈ ਕਾਲਾ ਚੈਪਟਰ ਸਨ ਤੇ ਮਨੁੱਖਤਾ ਪ੍ਰਤੀ ਅਪਰਾਧ ਸਨ। ਇਹ ਦੰਗੇ ਸਿਆਸੀ ਸਰਪ੍ਰਸਤੀ ਵਾਲੇ ਲੋਕਾਂ ਨੇ ਕਰਾਏ ਸਨ। ਇਸ ਵਿਚ ਕਈ ਸਰਕਾਰੀ ਏਜੰਸੀਆਂ ਨੇ ਉਨ੍ਹਾਂ ਦੀ ਮਦਦ ਕੀਤੀ ਸੀ। ਵਰਨਣ ਯੋਗ ਹੈ ਕਿ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ 31 ਅਕਤੂਬਰ 1984 ਨੂੰ ਉਨ੍ਹਾਂ ਦੇ ਸੁਰੱਖਿਆ ਮੁਲਾਜ਼ਮਾਂ ਹੱਥੋਂ ਹੱਤਿਆ ਤੋਂ ਬਾਅਦ ਪੂਰੇ ਦੇਸ਼ ਵਿਚ ਸਿੱਖ ਵਿਰੋਧੀ ਦੰਗੇ ਭੜਕ ਗਏ ਸਨ।

# ਤਿੰਨ ਪੁੱਤਰਾਂ ਪਿੱਛੋਂ ਧੀ ਦੀ ਆਸ ਵਿੱਚ ਪੁੱਤ ਜੰਮਿਆ ਤਾਂ ਝਾੜੀਆਂ ਵਿੱਚ ਸੁੱਟ ਦਿੱਤਾ

ਸੂਰਤ, 15 ਜਨਵਰੀ (ਪੋਸਟ ਬਿਊਰੋ)- ਅੱਜ ਤੱਕ ਤੁਸੀਂ ਬੇਟੀ ਦੇ ਜਨਮ ਤੋਂ ਦੁਖੀ ਮਾਤਾ-ਪਿਤਾ ਨੂੰ ਉਸ ਦਾ ਤਿਆਗ ਕਰਨ ਦੀਆਂ ਖਬਰਾਂ ਸੁਣੀਆਂ ਹੋਣਗੀਆਂ, ਪਰ ਗੁਜਰਾਤ ਦੇ ਸੂਰਤ 'ਚ ਪੁੱਤਰ ਦੇ ਜਨਮ ਲੈਣ 'ਤੇ ਉਸ ਨੂੰ ਤਿਆਗ ਦੇਣ ਦੀ ਖਬਰ ਸਾਹਮਣੇ ਆਈ ਹੈ।

ਸੂਰਤ ਦੇ ਚੌਕ ਬਾਜ਼ਾਰ ਥਾਣੇ ਦੇ ਸਿੰਗਣਪੋਰ ਇਲਾਕੇ ਦੀ ਰਾਤ ਸਮੇਂ ਝਾੜੀਆਂ 'ਚੋਂ ਇੱਕ ਬੱਚੇ ਦੇ ਰੋਣ ਦੀ ਆਵਾਜ਼ ਸੁਣਾਈ ਦਿੱਤੀ ਤਾਂ ਸਥਾਨਕ ਲੋਕਾਂ ਨੇ ਪੁਲਸ ਤੇ 108 ਐਂਬੂਲੈਂਸ ਨੂੰ ਸੂਚਨਾ ਦਿੱਤੀ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਦੇਖਿਆ ਕਿ ਝਾੜੀਆਂ ਵਿੱਚ ਨਵਜੰਮਿਆ ਬੱਚਾ ਪਿਆ ਸੀ। ਉਥੇ ਮੌਜੂਦ ਲੋਕਾਂ ਨੂੰ ਦੇਖ ਕੇ ਹੈਰਾਨੀ ਹੋਈ ਕਿ ਬੱਚਾ ਲੜਕੀ ਨਾ ਹੋ ਕੇ ਲੜਕਾ ਸੀ। 108 ਐਂਬੂਲੈਂਸ ਦੀ ਟੀਮ ਉਸ ਨੂੰ ਕੱਪੜੇ 'ਚ ਲਪੇਟ ਕੇ ਸੂਰਤ ਦੇ ਸਿਵਲ ਹਸਪਤਾਲ ਵਿੱਚ ਲੈ ਆਈ। ਬੱਚੇ ਨੂੰ ਡਾਕਟਰੀ ਨਿਗਰਾਨੀ 'ਚ ਰੱਖਿਆ ਗਿਆ।

ਚੌਕ ਬਾਜ਼ਾਰ ਥਾਣਾ ਪੁਲਸ ਨੇ ਜਦੋਂ ਤਫਤੀਸ਼ ਕੀਤੀ ਤਾਂ ਉਹ ਟਰੱਕ ਡਰਾਈਵਰ ਮੰਗੂ ਭਾਈ ਵਣਜਾਰਾ ਅਤੇ ਉਸ ਦੀ ਪਤਨੀ ਗੰਗਾ ਬੇਨ ਦਾ ਨਿਕਲਿਆ। ਇਸ ਜੋੜੇ ਨੇ ਕਿਹਾ ਕਿ ਉਨ੍ਹਾਂ ਦੇ ਪਹਿਲਾਂ ਤਿੰਨ ਪੁੱਤਰ ਹਨ। ਇਸ ਵਾਰ ਬੇਟੀ ਦੀ ਆਸ ਰੱਖੀ ਸੀ, ਪਰ ਬੇਟਾ ਪੈਦਾ ਹੋਇਆ, ਜਿਸ ਨੂੰ ਉਹ ਅਪਣਾਉਣਾ ਨਹੀਂ ਚਾਹੁੰਦੇ ਸਨ ਅਤੇ ਮਰਨ ਲਈ ਝਾੜੀਆਂ 'ਚ ਸੁੱਟ ਦਿੱਤਾ। ਇਸ ਜੋੜੇ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਜੇਲ੍ਹ ਭੇਜ ਦਿੱਤਾ ਗਿਆ ਹੈ।

# ਕੇਰਲਾ ਸਰਕਾਰ ਨੇ ਨਾਗਰਿਕਤਾ ਕਾਨੂੰਨ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ

ਨਵੀਂ ਦਿੱਲੀ, 15 ਜਨਵਰੀ (ਪੋਸਟ ਬਿਊਰੋ)- ਕੇਰਲਾ ਸਰਕਾਰ ਨੇ ਸੋਧੇ ਹੋਏ ਨਾਗਰਿਕਤਾ ਕਾਨੂੰਨ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਅਤੇ ਬੇਨਤੀ ਕੀਤੀ ਹੈ ਕਿ ਇਸ ਕਾਨੂੰਨ ਨੂੰ ਸੰਵਿਧਾਨ ਵਿੱਚ ਦਰਜ ਬਰਾਬਰੀ, ਆਜ਼ਾਦੀ ਅਤੇ ਧਰਮ ਨਿਰਪੱਖਤਾ ਦੇ ਸਿਧਾਂਤਾਂ ਦੀ ਉਲੰਘਣਾ ਕਰਨ ਵਾਲਾ ਕਰਾਰ ਦਿੱਤਾ ਜਾਵੇ।

ਪਟੀਸ਼ਨਰ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਅਗਵਾਈ ਵਾਲੀ ਕੇਰਲਾ ਸਰਕਾਰ ਪਹਿਲੀ ਰਾਜ ਸਰਕਾਰ ਹੈ, ਜਿਸ ਨੇ ਇਸ ਕਾਨੂੰਨ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਹੈ। ਕੇਰਲਾ ਵਿਧਾਨ ਸਭਾ ਨੇ ਸਭ ਤੋਂ ਪਹਿਲਾਂ ਇਸ ਕਾਨੂੰਨ ਦੇ ਵਿਰੁੱਧ ਮਤਾ ਪਾਸ ਕੀਤਾ ਸੀ। ਸੁਪਰੀਮ ਕੋਰਟ ਵਿੱਚ ਦਾਖਲ ਪਟੀਸ਼ਨ ਵਿੱਚ ਕੇਰਲਾ ਸਰਕਾਰ ਨੇ ਅਦਾਲਤ ਨੂੰ ਕਿਹਾ ਕਿ ਇਹ ਕਾਨੂੰਨ ਸੰਵਿਧਾਨ ਦੇ ਸਿਧਾਂਤਾਂ ਵਿਰੁੱਧ ਹੈ। ਅਦਾਲਤ ਨੇ ਸੋਧੇ ਹੋਏ ਨਾਗਰਿਕਤਾ ਕਾਨੂੰਨ ਦੀ ਸੰਵਿਧਾਨਕ ਵੈਧਤਾ ਨੂੰ ਚੁਣੌਤੀ ਦੇਣ ਵਾਲੀਆਂ ਲਗਭਗ ਪੰਜ ਦਰਜਨ ਪਟੀਸ਼ਨਾਂ 'ਤੇ 18 ਦਸੰਬਰ 2019 ਨੂੰ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਅਤੇ ਕੇਂਦਰ ਨੂੰ ਇਨ੍ਹਾਂ ਪਟੀਸ਼ਨਾਂ 'ਤੇ ਜਨਵਰੀ ਦੇ ਦੂਜੇ ਹਫਤੇ ਤੱਕ ਜਵਾਬ ਦਾਖਲ ਕਰਨ ਦਾ ਨਿਰਦੇਸ਼ ਦਿੱਤਾ ਸੀ। ਇਹ ਕਾਨੂੰਨ 10 ਜਨਵਰੀ ਨੂੰ ਦੇਸ਼ ਵਿੱਚ ਲਾਗੂ ਵੀ ਹੋ ਗਿਆ ਸੀ, ਜਿਸ ਵਿੱਚ 31 ਦਸੰਬਰ 2014 ਤੱਕ ਪਾਕਿਸਤਾਨ, ਅਫਗਾਨਿਸਤਾਨ ਅਤੇ ਬੰਗਲਾ ਦੇਸ਼ ਤੋਂ ਆਏ ਹਿੰਦੂ, ਸਿੱਖ, ਈਸਾਈ, ਪਾਰਸੀ ਅਤੇ ਜੈਨ ਧਰਮਾਂ ਦੇ ਮੈਂਬਰਾਂ ਨੂੰ ਭਾਰਤ ਵਿੱਚ ਨਾਗਰਿਕਤਾ ਦੇਣ ਦਾ ਪ੍ਰਬੰਧ ਹੈ। ਸੁਪਰੀਮ ਕੋਰਟ ਨੇ ਇਨ੍ਹਾਂ ਪਟੀਸ਼ਨਾਂ 'ਤੇ ਸੁਣਵਾਈ ਕਰਨ ਲਈ 22 ਜਨਵਰੀ ਤੈਅ ਕੀਤੀ ਹੈ। ਅਦਾਲਤ ਨੇ ਕਾਨੂੰਨ ਨੂੰ ਚੁਣੌਤੀ ਦੇਣ ਵਾਲੀਆਂ 59 ਪਟੀਸ਼ਨਾਂ 'ਤੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ ਅਤੇ ਇਸ ਨੂੰ ਜਨਵਰੀ ਦੇ ਦੂਜੇ ਹਫਤੇ ਵਿੱਚ ਸੁਣਵਾਈ ਲਈ ਸੂਚੀਬੱਧ ਕੀਤਾ ਸੀ।

# ਸਾਧਵੀ ਪ੍ਰਗਿਆ ਨੂੰ ਮਿਲੇ ਪੱਤਰ 'ਚ ਪੁਲਵਾਮਾ ਵਰਗੇ ਹਮਲੇ ਕਰਨ ਦੀ ਧਮਕੀ

ਭੋਪਾਲ, 15 ਜਨਵਰੀ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਦੀ ਭਾਜਪਾ ਪਾਰਲੀਮੈਂਟ ਮੈਂਬਰ ਸਾਧਵੀ ਪ੍ਰਗਿਆ ਸਿੰਘ ਠਾਕੁਰ ਨੂੰ ਧਮਕੀ ਭਰਿਆ ਪੱਤਰ ਕਿਸੇ ਅੰਸਾਰ ਉਲ ਮੁਸਲਮੀਨ ਨਾਂ ਦੇ ਸੰਗਠਨ ਨੇ ਭੇਜਿਆ ਹੈ। ਪੁਣੇ ਤੋਂ ਆਏ ਇਸ ਪੱਤਰ ਵਿੱਚ ਇਸੇ ਸੰਗਠਨ ਨੇ ਪ੍ਰਗਿਆ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ।

ਪਤਾ ਲੱਗਾ ਹੈ ਕਿ ਇਸ ਪੱਤਰ ਵਿੱਚ ਸਾਧਵੀ ਪ੍ਰਗਿਆ ਨੂੰ ਮਾਰਨ ਦੇ ਨਾਲ ਪੁਲਵਾਮਾ ਅਤੇ 2008 ਦੇ ਮੁੰਬਈ ਵਰਗੇ ਹਮਲੇ ਦੁਹਰਾਉਣ ਦੀ ਵੀ ਧਮਕੀ ਦਿੱਤੀ ਗਈ ਹੈ। ਇਸ ਪੱਤਰ ਦੇ ਸ਼ੁਰੂ 'ਚ ਲਿਖਿਆ ਹੈ ਕਿ ਅਸੀਂ ਕਿੱਥੋਂ ਹਾਂ, ਕੀ ਕਰਦੇ ਹਾਂ, ਸਾਡੇ ਬਾਰੇ ਕਿਸੇ ਨੂੰ ਪਤਾ ਨਹੀਂ ਲਗੇਗਾ।



ਪੱਤਰ 'ਚ ਲਿਖਿਆ ਹੈ ਕਿ ਅੰਸਾਰ ਉਲ ਮੁਸਲਮੀਨ ਨਾਲ ਇਸ ਕੰਮ ਲਈ ਨਈਮ ਅੰਸਾਰ, ਤੋਇਬਾ ਅੰਸਾਰੀ, ਵਿਲਾਇਤ ਹੁਸੈਨ, ਸਈਅਦ ਸ਼ਰਫ ਤੇ ਹੋਰ ਵੀ ਸ਼ਾਮਲ ਹਨ। ਇਸ ਪੱਤਰ ਵਿੱਚ ਲਿਖਿਆ ਹੈ ਕਿ ਅਸੀਂ ਹਿੰਦੂਸਤਾਨ ਦੀ ਪੁਲਸ ਤੋਂ ਨਹੀਂ ਡਰਦੇ। ਫਿਰ ਕਿਸੇ ਫਾਰੂਕ ਭਾਈ ਦਾ ਨਾਂ ਲੈ ਕੇ ਦੱਸਿਆ ਗਿਆ ਕਿ ਉਨ੍ਹਾਂ ਦੀ ਪਹੁੰਚ ਸੀਰੀਆ, ਦੁਬਈ ਅਤੇ ਪਾਕਿਸਤਾਨ ਤੱਕ ਹੈ। ਉਨ੍ਹਾਂ ਨਾਲ ਰਹਿਮਾਨ ਸਿਦੀਕੀ, ਸ਼ਕੀਲ ਅਹਿਮਦ ਵੀ ਹਨ ਅਤੇ ਪਾਕਿਸਤਾਨ ਤੋਂ ਇਹ ਹੁਕਮ ਹੋਇਆ ਹੈ।

ਪੁਲਸ ਨੇ ਪਾਰਲੀਮੈਂਟ ਮੈਂਬਰ ਪ੍ਰਗਿਆ ਸਿੰਘ ਦੀ ਸੁਰੱਖਿਆ 'ਚ ਵਾਧਾ ਕਰ ਦਿੱਤਾ ਹੈ। ਉਨ੍ਹਾਂ ਦੇ ਘਰ ਆਉਣ ਜਾਣ ਵਾਲੇ ਹਰ ਵਿਅਕਤੀ ਦੀ ਰਜਿਸਟਰ 'ਚ ਐਂਟਰੀ ਕੀਤੀ ਜਾ ਰਹੀ ਹੈ। ਏ ਐਸ ਪੀ ਅਖਿਲ ਪਟੇਲ ਨੇ ਕਿਹਾ ਕਿ ਪੱਤਰ ਉਤੇ ਪਾਊਡਰ ਨੂੰ ਜਾਂਚ ਲਈ ਸਾਗਰ ਦੀ ਫੋਰੈਂਸਿਕ ਲੈਬ ਭੇਜਿਆ ਗਿਆ ਹੈ। ਸਾਧਵੀ ਪ੍ਰਗਿਆ ਠਾਕੁਰ ਨੂੰ ਜਾਨ ਤੋਂ ਮਾਰਨ ਦੀ ਧਮਕੀ ਵਾਲਾ ਪੱਤਰ ਤੇ ਰਸਾਇਣਕ ਪਦਾਰਥ ਪੁਣੇ ਤੋਂ ਭੇਜਿਆ ਗਿਆ ਹੈ।

# ਹੁਣ ਸੰਸਥਾਵਾਂ ਵਿੱਚ 'ਯੋਗ ਬ੍ਰੇਕ' ਮਿਲਿਆ ਕਰੇਗਾ

ਨਵੀਂ ਦਿੱਲੀ, 15 ਜਨਵਰੀ (ਪੋਸਟ ਬਿਊਰੋ)- 'ਕੰਮ ਏਨਾ ਕਰੋ, ਹਮੇਸ਼ਾ ਰੁੱਝੇ ਰਹੋ ਅਤੇ ਕਸਰਤ ਏਨੀ ਕਰੋ ਕਿ ਹਮੇਸ਼ਾ ਸਿਹਤਮੰਦ ਰਹੋ।' ਇਸ ਟੀਚੇ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫਿਟ ਇੰਡੀਆ ਮੂਵਮੈਂਟ ਨੂੰ ਆਯੂਸ਼ ਮੰਤਰਾਲੇ ਨੇ ਇੱਕ ਨਵੇਂ ਪੱਧਰ 'ਤੇ ਲਿਜਾਣ ਦਾ ਫ਼ੈਸਲਾ ਕੀਤਾ ਹੈ। ਇਸ ਬਾਰੇ ਸਰਕਾਰੀ ਸੰਸਥਾਵਾਂ ਅਤੇ ਕਾਰਪੋਰੇਟ ਦਫਤਰਾਂ ਵਿੱਚ ਜਲਦੀ ਹੀ ਪੰਜ ਮਿੰਟ ਦੀ ਵਾਈ-ਬ੍ਰੇਕ ਜਾਂ ਯੋਗਾ ਬ੍ਰੇਕ ਲਾਜ਼ਮੀ ਹੋ ਜਾਵੇਗੀ। ਸਮਝਿਆ ਜਾਂਦਾ ਹੈ ਕਿ ਇਸ ਨਾਲ ਮੁਲਾਜ਼ਮਾਂ ਦਾ ਧਿਆਨ ਇਕਾਗਰ ਹੋਵੇਗਾ ਅਤੇ ਉਤਪਾਦਕਤਾ ਵੀ ਵਧੇਗੀ। ਇਸ ਦੌਰਾਨ ਕੰਮ ਦੇ ਘੰਟਿਆਂ ਵਿੱਚੋਂ ਸਿਰਫ਼ ਪੰਜ ਮਿੰਟ ਦੀ ਛੁੱਟੀ ਲੈ ਕੇ ਕੁਝ ਹਲਕੀ-ਫੁਲਕੀ ਕਸਰਤ ਕਰਨੀ ਹੋਵੇਗੀ।

ਮਿਲੀ ਜਾਣਕਾਰੀ ਅਨੁਸਾਰ ਕੰਮ ਵਾਲੀ ਥਾਂ ਕਾਮਿਆਂ ਨੂੰ ਤਣਾਅ ਮੁਕਤ ਅਤੇ ਤਰੋਤਾਜ਼ਾ ਕਰਨ ਵਿੱਚ ਮਦਦ ਲਈ ਹਲਕੇ-ਫੁਲਕੇ ਯੋਗ ਆਸਣ ਕਾਰਗਰ ਹੋਣ ਦੀ ਲੋੜ ਸਮਝੀ ਗਈ ਹੈ, ਤਾਂ ਕਿ ਵਿਸ਼ੇਸ਼ ਰੂਪ ਨਾਲ ਡੈਸਕ ਵਰਕ ਕਰਨ ਵਾਲੇ ਕਰਮਚਾਰੀ ਅਤੇ ਅਧਿਕਾਰੀ ਘੰਟਿਆਂ ਬੱਧੀ ਇੱਕੋ ਹਾਲਤ ਵਿੱਚ ਬੈਠੇ ਰਹਿ ਕੇ ਰੋਗ ਗ੍ਰਸਤ ਨਾ ਹੋ ਜਾਣ। ਕੱਲ੍ਹ ਇਸ ਬਾਰੇ ਆਯੂਸ਼ ਮੰਤਰਾਲੇ ਨੇ ਪੰਜ ਮਿੰਟ ਲਈ ਵਾਈ-ਬ੍ਰੇਕ ਦਾ ਟਰਾਇਲ ਕਰਾਇਆ। ਇਹ ਵਾਈ-ਬ੍ਰੇਕ ਮੋਰਾਰਜੀ ਦੇਸਾਈ ਨੈਸ਼ਨਲ ਇੰਸਟੀਚਿਊਟ ਆਫ ਯੋਗਾ ਰਾਹੀਂ ਮੰਤਰਾਲੇ ਨੇ ਵਿਕਸਿਤ ਕਰਾਈ ਹੈ। ਇੱਥੋਂ ਦੇ ਨਾਮੀਂ ਯੋਗ ਮਾਹਰਾਂ ਦੀ ਦੇਖ-ਰੇਖ ਵਿੱਚ ਕੁਝ ਸੌਖੇ ਯੋਗ ਆਸਣਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ। ਮੰਤਰਾਲੇ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਕੁਝ ਕਾਰਪੋਰੇਟ ਹਾਊਸ, ਜਿਵੇਂ ਟਾਟਾ ਕੈਮੀਕਲਜ਼, ਐਕਸਿਸ ਬੈਂਕ ਅਤੇ ਅਰਨੈਸਟ ਐਂਡ ਯੰਗ ਗਲੋਬਲ ਕੰਸ-ਲਟਿੰਗ ਸਰਵਿਸਿਜ਼ ਸਮੇਤ ਲਗਭੱਗ 15 ਸੰਸਥਾਵਾਂ ਨੇ ਇਸ ਟਰਾਇਲ ਵਿੱਚ ਸਵੈ-ਇਛੁੱਕ ਰੂਪ ਨਾਲ ਹਿੱਸਾ ਲਿਆ ਹੈ।

## ਸਿਖਿਆ ਬਾਰੇ ਸਾਲਾਨਾ ਰਿਪੋਰਟ

# ਸਰਕਾਰੀ ਸਕੂਲਾਂ ਦੇ ਵਿੱਚ ਦਾਖਲਾ ਲੈਣ ਵਿੱਚ ਕੁੜੀਆਂ ਦੀ ਗਿਣਤੀ ਮੁੰਡਿਆਂ ਤੋਂ ਵੱਧ

ਨਵੀਂ ਦਿੱਲੀ, 15 ਜਨਵਰੀ (ਪੋਸਟ ਬਿਊਰੋ)- ਭਾਰਤ ਵਿੱਚ ਚਾਰ ਤੋਂ ਅੱਠ ਸਾਲ ਦੇ ਉਮਰ ਵਰਗ ਦੇ ਨੱਬੇ ਫੀਸਦੀ ਤੋਂ ਜ਼ਿਆਦਾ ਬੱਚਿਆਂ ਦੀ ਨਾਮਜ਼ਦਗੀ ਕਿਸੇ ਨਾ ਕਿਸੇ ਸਕੂਲ ਵਿੱਚ ਕੀਤੀ ਜਾਂਦੀ ਹੈ। ਸਰਕਾਰੀ ਸਕੂਲਾਂ ਵਿੱਚ ਦਾਖਲਾ ਲੈਣ ਦੇ ਮਾਮਲੇ ਵਿੱਚ ਲੜਕੀਆਂ ਦੀ ਗਿਣਤੀ ਲੜਕਿਆਂ ਦੇ ਮੁਕਾਬਲ ਵੱਧ ਹੁੰਦੀ ਹੈ।

ਇਹ ਜਾਣਕਾਰੀ ਕੱਲ੍ਹ ਜਾਰੀ ਹੋਈ 14ਵੀਂ ਸਿਖਿਆ ਸਾਲਾਨਾ ਸਥਿਤੀ ਰਿਪੋਰਟ (ਏ ਐੱਸ ਈ ਆਰ) ਦੇ ਨਾਲ ਪਤਾ ਲੱਗੀ ਹੈ। ਏ ਐਸ ਈ ਆਰ 2019 ਦੀ ਰਿਪੋਰਟ ਦੇਸ਼ ਦੇ 24 ਰਾਜਾਂ ਦੇ 26 ਜ਼ਿਲਿਆਂ ਵਿੱਚ ਕੀਤੇ ਗਏ ਸਰਵੇਖਣ ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ ਜਿਸ ਵਿੱਚ ਚਾਰ-ਅੱਠ ਸਾਲ ਦੀ ਉਮਰ ਦੇ 36000 ਤੋਂ ਵੱਧ ਬੱਚਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਰਿਪੋਰਟ ਅਨੁਸਾਰ ਚਾਰ-ਅੱਠ ਸਾਲ ਦੀ ਉਮਰ ਵਰਗ ਦੇ ਨੱਬੇ ਤੋਂ ਵੱਧ ਬੱਚਿਆਂ ਦਾ ਦਾਖਲਾ ਕਿਸੇ ਨਾ ਕਿਸੇ ਸਕੂਲਾਂ ਵਿੱਚ ਕਰਾਇਆ ਗਿਆ ਹੈ। ਇਹ ਅਨੁਪਾਤ ਉਮਰ ਨਾਲ ਵਧਦਾ ਹੈ, ਚਾਰ ਸਾਲ ਉਮਰ ਵਰਗ ਦੇ ਬੱਚਿਆਂ ਵਿੱਚ ਇਹ ਗਿਣਤੀ 91.3 ਫੀਸਦੀ ਹੈ, ਅੱਠ ਸਾਲ ਉਮਰ ਵਰਗ ਦੇ ਬੱਚਿਆਂ ਵਿੱਚ ਇਹ 99.5 ਫੀਸਦੀ ਹੈ। ਰਿਪੋਰਟ ਅਨੁਸਾਰ ਪੰਜ ਸਾਲ ਦੀ ਉਮਰ ਵਿੱਚ, ਸੱਤ ਫੀਸਦੀ ਬੱਚਿਆਂ ਦਾ ਨਾਂਅ ਆਂਗਣਵਾੜੀ ਕੇਂਦਰਾਂ ਜਾਂ ਪ੍ਰੀ-ਪ੍ਰਾਇਮਰੀ ਕਲਾਸਾਂ ਵਿੱਚ ਹੈ, ਜਦ ਕਿ 21.6 ਫੀਸਦੀ ਬੱਚਿਆਂ ਦਾ ਦਾਖਲਾ ਕਲਾਸ ਇੱਕ ਵਿੱਚ ਹੋਇਆ ਹੈ। ਛੇ ਸਾਲ ਦੀ ਉਮਰ ਵਿੱਚ 32.8 ਫੀਸਦੀ ਬੱਚੇ ਆਂਗਨਵਾੜੀ ਕੇਂਦਰਾਂ ਜਾਂ ਪ੍ਰੀ-ਪ੍ਰਾਇਮਰੀ ਕਲਾਸਾਂ ਵਿੱਚ ਹਨ, ਜਦ ਕਿ 46.4 ਫੀਸਦੀ ਬੱਚੇ ਕਲਾਸ ਇੱਕ ਵਿੱਚ ਹਨ ਤੇ 18.7 ਫੀਸਦੀ ਬੱਚੇ ਕਲਾਸ ਜਾਂ ਉਸ ਤੋਂ ਵੱਡੀ ਕਲਾਸ ਵਿੱਚ ਹਨ। ਰਿਪੋਰਟ ਮੁਤਾਬਕ ਸਰਕਾਰੀ ਤੇ ਨਿੱਜੀ ਸੰਸਥਾਵਾਂ ਵਿੱਚ ਦਾਖਲਾ ਲੈਣ ਵਾਲੇ ਬੱਚਿਆਂ ਵਿੱਚ ਲਿੰਗ ਦਾ ਵੀ ਅੰਤਰ ਹੈ।

# ਦਿੱਲੀ ਵਿੱਚ ਆਮ ਆਦਮੀ ਪਾਰਟੀ ਨੇ ਸੱਤਰ ਸੀਟਾਂ ਦੇ ਉਮੀਦਵਾਰ ਐਲਾਨ ਕੀਤੇ

ਨਵੀਂ ਦਿੱਲੀ, 15 ਜਨਵਰੀ (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਨੇ ਸਭਨਾਂ ਸੱਤਰ ਸੀਟਾਂ 'ਤੇ ਉਮੀਦਵਾਰ ਐਲਾਨ ਕਰ ਦਿੱਤੇ ਹਨ। ਪਾਰਟੀ ਨੇ ਉਨ੍ਹਾਂ ਸਾਰੇ 15 ਵਿਧਾਇਕਾਂ ਦੀ ਟਿਕਟ ਕੱਟ ਦਿੱਤੀ ਹੈ, ਜਿਨ੍ਹਾਂ ਨੂੰ ਪਾਰਟੀ ਕਮਜ਼ੋਰ ਕੜੀ ਮੰਨ ਰਹੀ ਸੀ। ਇਸ ਦੇ ਬਾਅਦ 46 ਮੌਜੂਦਾ ਵਿਧਾਇਕਾਂ ਨੂੰ ਮੈਦਾਨ ਵਿੱਚ ਉਤਾਰਿਆ ਅਤੇ ਨੌਂ ਖਾਲੀ ਸੀਟਾਂ ਉੱਤੇ ਨਵੇਂ ਚਿਹਰੇ ਮੈਦਾਨ ਵਿੱਚ ਲਿਆਂਦੇ ਜਾਣ ਦੀਆਂ ਖਬਰਾਂ ਹਨ। ਆਮ ਆਦਮੀ ਪਾਰਟੀ ਨੇ ਇਸ ਵਾਰ ਅੱਠ ਔਰਤਾਂ ਨੂੰ ਟਿਕਟ ਦਿੱਤੀ ਹੈ, ਪਿਛਲੀ ਵਾਰ ਛੇ ਮਹਿਲਾਵਾਂ ਨੂੰ ਟਿਕਟ ਦਿੱਤੀ ਗਈ ਸੀ।

ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਫਿਰ ਨਵੀਂ ਦਿੱਲੀ ਤੋਂ ਚੋਣ ਲੜਨਗੇ। ਇਸ ਸੀਟ ਤੋਂ ਇਹ ਉਨ੍ਹਾਂ ਦੀ ਤੀਸਰੀ ਚੋਣ ਹੋਵੇਗੀ। ਡਿਪਟੀ ਮੁੱਖ ਮੰਤਰੀ ਮਨੀਸ਼ ਸਿਸੋਦੀਆ ਫਿਰ



ਪਟਪੜਗੰਜ ਸੀਟ ਤੋਂ ਚੋਣ ਲੜਨਗੇ। ਬਾਕੀ ਸਾਰੇ ਮੰਤਰੀ ਗੋਪਾਲ ਰਾਏ, ਸਤੇਂਦਰ ਜੈਨ, ਕੈਲਾਸ਼ ਗਹਿਲੋਤ ਤੇ ਇਮਰਾਨ ਹੁਸੈਨ ਆਪਣੀਆਂ ਪੁਰਾਣੀਆਂ ਸੀਟਾਂ ਤੋਂ ਹੀ ਚੋਣ ਲੜਨਗੇ। ਵਿਧਾਨ ਸਭਾ ਸਪੀਕਰ ਰਾਮਨਿਵਾਸ ਗੋਇਲ ਵੀ ਪੁਰਾਣੀ ਸੀਟ ਸ਼ਾਹਦਰਾ ਤੋਂ ਚੋਣ ਲੜਨਗੇ। ਪਾਰਟੀ ਨੇ ਲੋਕ ਸਭਾ ਚੋਣਾਂ ਲੜੇ ਰਾਘਵ ਚੱਢਾ, ਆਤਿਸ਼ੀ ਅਤੇ ਦਿਲੀਪ ਪਾਂਡੇ ਨੂੰ ਵੀ ਟਿਕਟ ਦਿੱਤੀ ਹੈ। ਮੁੱਖ ਮੰਤਰੀ ਕੇਜਰੀਵਾਲ ਦੇ ਕਰੀਬੀ ਦੁਰਗੇਸ਼ ਪਾਠਕ ਨੂੰ ਕਰਾਵਲ ਨਗਰ ਸੀਟ ਤੋਂ ਟਿਕਟ ਦਿੱਤੀ ਗਈ ਹੈ। ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਆਏ ਸਾਰੇ ਪ੍ਰਮੁੱਖ ਨੇਤਾਵਾਂ ਨੂੰ ਟਿਕਟ ਦਿੱਤੀ ਗਈ ਹੈ। ਦਿੱਲੀ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਉਮੀਦਵਾਰਾਂ ਦੇ ਨਾਂਅ 'ਤੇ ਫੈਸਲਾ ਲੈਣ ਦੇ ਲਈ ਬੀਤੀ ਸ਼ਾਮ ਪਾਰਟੀ ਦੀ ਬੈਠਕ ਮੁੱਖ ਮੰਤਰੀ ਦੀ ਅਗਵਾਈ ਵਿੱਚ ਹੋਈ ।

ਉਧਰ ਦਿੱਲੀ ਦੇ ਬਦਰਪੁਰ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਰਾਮ ਸਿੰਘ ਨੇਤਾਜੀ ਨੂੰ ਟਿਕਟ ਦਿੱਤੇ ਜਾਣ ਤੋਂ ਨਾਰਾਜ਼ ਆਮ ਆਦਮੀ ਪਾਰਟੀ ਦੇ ਮੌਜੂਦਾ ਵਿਧਾਇਕ ਐੱਨ ਡੀ ਸ਼ਰਮਾ ਨੇ ਪਾਰਟੀ ਤੋਂ ਅਸਤੀਫਾ ਦੇ ਦਿੱਤਾ। ਉਨ੍ਹਾਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ 'ਤੇ ਨਿਸ਼ਾਨਾ ਸਾਧਿਆ ਅਤੇ ਰਾਮ ਸਿੰਘ ਨੇਤਾਜੀ ਨੂੰ ਅਪਰਾਧੀ ਅਤੇ ਭੂ-ਮਾਫੀਆ ਦੱਸਿਆ ਅਤੇ ਖੁਦ ਆਜ਼ਾਦ ਚੋਣ ਲੜਨ ਦਾ ਐਲਾਨ ਕੀਤਾ ਹੈ। ਸ਼ਰਮਾ ਨੇ ਦੋਸ਼ ਲਾਇਆ ਕਿ ਬਦਰ-ਪੁਰ ਵਿਧਾਨ ਸਭਾ ਖੇਤਰ ਦੀ ਟਿਕਟ 21 ਕਰੋੜ ਰੁਪਏ ਵਿੱਚ ਰਾਮ ਸਿੰਘ ਨੇਤਾ ਜੀ ਨੂੰ ਵੇਚੀ ਹੈ।

# ਸਰਵੇ ਮੁਤਾਬਕ ਦਿੱਲੀ ਵਿੱਚਲੇ 67.6 ਫੀਸਦੀ ਲੋਕ ਆਮ ਆਦਮੀ ਪਾਰਟੀ ਨਾਲ!




ਨਵੀਂ ਦਿੱਲੀ, 15 ਜਨਵਰੀ (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਚੋਣਾਂ ਦੇ ਲਈ ਸਿਆਸੀ ਪਾਰਟੀਆਂ ਨੇ ਆਪੋ ਆਪਣੇ ਉਮੀਦਵਾਰਾਂ ਦਾ ਐਲਾਨ ਕਰਨਾ ਸ਼ੁਰੂ ਕਰ ਦਿੱਤਾ ਹੈ। ਮੰਗਲਵਾਰ ਆਮ ਆਦਮੀ ਪਾਰਟੀ ਨੇ ਸਭ 70 ਸੀਟਾਂ ਉੱਤੇ ਆਪਣੇ ਉਮੀਦਵਾਰਾਂ ਦੇ ਨਾਂ ਐਲਾਨ ਕਰ ਦਿੱਤੇ ਹਨ। ਕਾਂਗਰਸ ਨੇ 17 ਜਨਵਰੀ ਨੂੰ ਉਮੀਦਵਾਰਾਂ ਦੇ ਨਾਂਵਾਂ ਦੇ ਐਲਾਨ ਦੀ ਗੱਲ ਕੀਤੀ ਹੈ। ਭਾਜਪਾ ਵੀ ਜਲਦੀ ਹੀ ਆਪਣੇ ਪੱਤੇ ਖੋਲ੍ਹਣ ਬਾਰੇ ਵਿਚਾਰ ਕਰ ਰਹੀ ਹੈ।

ਇਸ ਦੌਰਾਨ ਆਈ ਐਨ ਐਸ-ਸੀ ਵੋਟਰ ਦਾ ਸਰਵੇ ਸਾਹਮਣੇ ਆਇਆ ਹੈ ਜਿਸ ਵਿੱਚ ਮੁੱਖ ਮੰਤਰੀ ਅਹੁਦੇ ਲਈ ਅਰਵਿੰਦ ਕੇਜਰੀਵਾਲ 67.6 ਫੀਸਦੀ ਲੋਕਾਂ ਦੀ ਪਸੰਦ ਹਨ। ਇਸ ਸਰਵੇਖਣ ਦੇ ਮੁਤਾਬਕ 54.6 ਫੀਸਦੀ ਲੋਕ ਦਿੱਲੀ ਵਿੱਚ ਆਮ ਆਦਮੀ ਪਾਰਟੀ ਅਤੇ 27.3 ਫੀਸਦੀ ਲੋਕ ਭਾਜਪਾ ਦੀ ਸਰਕਾਰ ਚਾਹੁੰਦੇ ਹਨ। ਮਸਾਂ 3.7 ਫੀਸਦੀ ਲੋਕਾਂ ਦੀ ਪਸੰਦ ਕਾਂਗਰਸ ਪਾਰਟੀ ਨਿਕਲੀ ਹੈ। ਸਰਵੇਖਣ ਮੁਤਾ-ਬਕ 57.1 ਫੀਸਦੀ ਲੋਕ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਦੇ ਪੱਖ ਵਿੱਚ ਹਨ। ਇਸ ਸਰਵੇ ਵਿੱਚ ਮੁੱਖ ਮੰਤਰੀ ਅਹੁਦੇ ਲਈ ਅਰਵਿੰਦ ਕੇਜਰੀਵਾਲ ਨੂੰ 67.6 ਫੀਸਦੀ ਲੋਕਾਂ ਨੇ ਪਸੰਦ ਕੀਤਾ ਹੈ। ਦੂਜੇ ਆਪਸ਼ਨ ਵਜੋਂ ਮੁੱਖ ਮੰਤਰੀ ਲਈ 11.9 ਫੀਸਦੀ ਲੋਕਾਂ ਕੇਂਦਰੀ ਮੰਤਰੀ ਅਤੇ ਭਾਜਪਾ ਪਾਰਲੀਮੈਂਟ ਮੈਂਬਰ ਡਾ. ਹਰਸ਼ਵਰਧਨ ਦਾ ਨਾਂ ਲਿਆ।

# ਫਲਿਪਕਾਰਟ ਅਤੇ ਐਮਾਜ਼ੋਨ ਦੇ ਖ਼ਿਲਾਫ਼ ਜਾਂਚ ਦੇ ਹੁਕਮ

ਨਵੀਂ ਦਿੱਲੀ, 15 ਜਨਵਰੀ (ਪੋਸਟ ਬਿਊਰੋ)- ਕੰਪੀਟੀਸ਼ਨ ਕਮਿਸ਼ਨ ਆਫ ਇੰਡੀਆ (ਸੀ ਆਈ ਆਈ) ਨੇ ਭਾਰਤ ਵਿੱਚ ਕੰਮ ਕਰਦੀਆਂ ਦੋ ਦਿੱਗਜ ਈ-ਕਾਮਰਸ ਕੰਪਨੀਆਂ ਫਲਿਪਕਾਰਟ ਤੇ ਐਮਾਜ਼ੋਨ ਦੇ ਖ਼ਿਲਾਫ਼ ਜਾਂਚ ਦੇ ਆਦੇਸ਼ ਦਿੱਤੇ ਹਨ। ਇਨ੍ਹਾਂ ਕੰਪਨੀਆਂ 'ਤੇ ਕਾਰੋਬਾਰ ਲਈ ਗਲਤ ਗਤੀਵਿਧੀਆਂ ਅਪਣਾਉਣ, ਬਹੁਤ ਜ਼ਿਆਦਾ ਡਿਸਕਾਊਂਟ ਦੇਣ ਤੇ ਪਸੰਦੀਦਾ ਵਿਕ੍ਰੇਤਾਵਾਂ ਨਾਲ ਮਿਲੀਭੁਗਤ ਕਰਨ ਦੇ ਦੋਸ਼ ਹਨ। ਕਮਿਸ਼ਨ ਨੇ ਜਨਰਲ ਡਾਇਰੈਕਟਰ ਨੂੰ ਇਸ ਦੀ ਜਾਂਚ ਕਰਨ ਅਤੇ 60 ਦਿਨਾਂ ਦੇ ਅੰਦਰ ਰਿਪੋਰਟ ਪੇਸ਼ ਕਰਨ ਨੂੰ ਕਿਹਾ ਹੈ।

ਸੀ ਸੀ ਆਈ ਦਾ ਇਹ ਆਦੇਸ਼ ਓਦੋਂ ਆਇਆ, ਜਦ ਅਗਲੇ ਹਫ਼ਤੇ ਐਮਾਜ਼ੋਨ ਦੇ ਮੋਢੀ ਜੇਫ ਬੇਜੋਸ ਭਾਰਤ ਆ ਰਹੇ ਹਨ। ਸੀ ਸੀ ਆਈ ਨੇ ਦਿੱਲੀ ਵਪਾਰ ਫੈਡਰੇਸ਼ਨ ਦੀ ਸ਼ਿਕਾਇਤ ਤੋਂ ਬਾਅਦ ਇਨ੍ਹਾਂ ਈ-ਕਾਮਰਸ ਕੰਪਨੀਆਂ ਖਿਲਾਫ਼ ਇਹ ਕਦਮ ਚੁੱਕਿਆ ਹੈ। ਫੈਡਰੇਸ਼ਨ ਦੇ ਜ਼ਿਆਦਾਤਰ ਮੈਂਬਰ ਸਮਾਰਟਫੋਨ ਤੇ ਇਸ ਨਾਲ ਸਬੰਧਤ ਉਪਕਰਨਾਂ ਦੀ ਪ੍ਰਚੂਨ ਵਿਕਰੀ ਕਰਦੇ ਹਨ। ਫੈਡਰੇਸ਼ਨ ਦਾ ਦੋਸ਼ ਹੈ ਕਿ ਇਹ ਈ-




ਕਾਮਰਸ ਕੰਪਨੀਆਂ ਹੱਦ ਤੋਂ ਜ਼ਿਆਦਾ ਛੋਟ, ਆਪਣੇ ਪ੍ਰਾਈਵੇਟ ਬ੍ਰਾਂਡਸ ਤੇ ਮਿਲੀਭੁਗਤ ਵਰਗੀਆਂ ਗ਼ੈਰਵਾਜਿਬ ਤਰੀਕੇ ਅਪਣਾ ਕੇ ਕਾਨੂੰਨ ਨੂੰ ਅੰਗੂਠਾ ਦਿਖਾ ਰਹੇ ਹਨ। ਇਸ ਦਾ ਇਹ ਵੀ ਦੋਸ਼ ਹੈ ਕਿ ਫਲਿਪਕਾਰਟ ਤੇ ਐਮਾਜ਼ੋਨ ਨੇ ਚੋਣਵੇ ਸੈਕਟਰ ਦੇ ਵਿਕ੍ਰੇਤਾਵਾਂ ਨਾਲ ਕਰਾਰ ਕਰ ਲਿਆ ਹੈ ਤੇ ਉਹ ਕਰਾਰ ਤੋਂ ਬਾਹਰ ਦੇ ਵਿਕ੍ਰੇਤਾਵਾਂ ਤੋਂ ਆਪਣੇ ਪਲੇਟਫਾਰਮ 'ਤੇ ਵਿਤਕਰਾ ਕਰਦੇ ਹਨ। ਸੀ ਸੀ ਆਈ ਦੇ ਆਦੇਸ਼ ਮੁਤਾਬਕ ਦੇਖਣ ਦੀ ਲੋੜ ਹੈ ਕਿ ਇਹ ਈ-ਕਾਮਰਸ ਕੰਪਨੀਆਂ ਵੱਧ ਛੋਟ ਤੇ ਸਾਮਾਨ ਦੀ ਵਿਕਰੀ ਅਧਿਕਾਰੀ ਵਰਗੀ ਤਰਕੀਬ ਅਪਣਾ ਰਹੀਆਂ ਹਨ ਜਾਂ ਨਹੀਂ। ਜੇ ਕੰਪਨੀਆਂ ਅਜਿਹੇ ਰਸਤੇ ਅਪਣਾ ਰਹੀਆਂ ਤਾਂ ਇਹ ਮੁਕਾਬਲੇ 'ਤੇ ਉਲਟ ਅਸਰ ਪਾਉਣ ਦਾ ਕਦਮ ਹੈ। ਇਸ ਆਦੇਸ਼ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਐਮਾਜ਼ੋਨ ਇੰਡੀਆ ਦੇ ਬੁਲਾਰੇ ਨੇ ਕਿਹਾ ਇਸ ਨਾਲ ਸਾਨੂੰ ਕੰਪਨੀ ਦੇ ਖ਼ਿਲਾਫ਼ ਲੱਗੇ ਦੋਸ਼ਾਂ ਦੀ ਬਿਹਤਰ ਢੰਗ ਨਾਲ ਸਫ਼ਾਈ ਦੇਣ ਦਾ ਮੌਕਾ ਮਿਲਿਆ ਹੈ। ਅਸੀਂ ਭਾਰਤ ਵਿੱਚ ਸਾਰੇ ਕਾਨੂੰਨਾਂ ਦਾ ਪਾਲਣ ਕਰਦੇ ਹਾਂ ਅਤੇ ਜਾਂਚ ਵਿੱਚ ਸੀ ਸੀ ਆਈ ਦਾ ਪੂਰਾ ਸਹਿਯੋਗ ਕਰਾਂਗੇ। ਬੁਲਾਰੇ ਦਾ ਕਹਿਣਾ ਸੀ ਕਿ ਕੰਪਨੀ ਭਾਰਤ ਵਿੱਚ ਲਾਗੂ ਸਾਰੇ ਕਾਨੂੰਨਾਂ ਅਤੇ ਪ੍ਰਤੱਖ ਵਿਦੇਸ਼ੀ ਨਿਵੇਸ਼ (ਐਫ ਡੀ ਆਈ) ਸਬੰਧਤ ਨਿਯਮਾਂ ਦਾ ਪਾਲਣ ਕਰਦੀ ਹੈ। ਅਸੀਂ ਸਹੀ ਮਾਅਨਿਆਂ ਵਿੱਚ ਭਾਰਤੀ ਈ-ਕਾਮਰਸ ਬਾਜ਼ਾਰ ਵਿੱਚ ਸਭ ਲਈ ਬਰਾਬਰੀ ਦਾ ਅਜਿਹਾ ਪਲੇਟਫਾਰਮ ਬਣਾਇਆ ਹੈ ਜਿੱਥੇ ਲੱਖਾਂ ਵਿਕ੍ਰੇਤਾਵਾਂ, ਛੋਟੇ ਤੇ ਵਿਚਕ-ਾਰਲੇ ਉਦਯੋਗ, ਦਸਤਕਾਰ ਤੇ ਪ੍ਰਚੂਨ ਦੁਕਾਨਦਾਰ ਆਪਣੇ ਉਤਪਾਦ ਵੇਚਦੇ ਹਨ।

# ਬੈਰਕ ਵਿੱਚ ਗੋਲੀਆਂ ਚੱਲੀਆਂ, ਦੋ ਜਵਾਨਾਂ ਦੀ ਮੌਤ, ਇੱਕ ਫੱਟੜ

ਊਧਮਪੁਰ, 15 ਜਨਵਰੀ (ਪੋਸਟ ਬਿਊਰੋ)- ਜ਼ਿਲਾ ਹੈੱਡਕੁਆਰਟਰ ਨਾਲ ਲੱਗਦੇ ਸੂਈ ਇਲਾਕੇ ਵਿੱਚ ਤੈਨਾਤ ਸੀ ਆਈ ਐੱਸ ਐੱਫ ਦੀ 251 ਕੰਪਨੀ ਵਿੱਚ ਸ਼ੱਕੀ ਹਾਲਾਤ ਵਿੱਚ ਗੋਲੀਆਂ ਚੱਲਣ ਕਾਰਨ ਦੋ ਜਵਾਨਾਂ ਦੀ ਮੌਕੇ 'ਤੇ ਮੌਤ ਹੋ ਗਈ ਤੇ ਇੱਕ ਹੋਰ ਜਵਾਨ ਗੰਭੀਰ ਜ਼ਖਮੀ ਹੋ ਗਿਆ। ਉਸ ਨੂੰ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਕੱਲ੍ਹ ਰਾਤ ਇਸ ਬੈਰਕ ਵਿੱਚ ਅਚਾਨਕ ਗੋਲੀਆਂ ਚੱਲਣ ਲੱਗ ਪਈਆਂ। ਇਸ ਗੋਲੀ ਕਾਂਡ ਵਿੱਚ ਜ਼ਖਮੀ ਹੋਏ ਤਿੰਨ ਜਵਾਨਾਂ ਨੂੰ ਹਸਪਤਾਲ ਪੁਚਾਇਆ ਤਾਂ ਦੋ ਨੂੰ ਡਾਕਟਰਾਂ ਨੇ ਮ੍ਰਿਤਕ ਕਰਾਰ ਦੇ ਦਿੱਤਾ। ਉਨ੍ਹਾਂ ਦੀ ਪਛਾਣ ਕਾਂਸਟੇਬਲ ਵੀ ਐੱਨ ਮੂਰਤੀ ਵਾਸੀ ਕਰਨਾਟਕ ਅਤੇ ਕਾਂਸਟੇਬਲ ਮੁਹੰਮਦ ਤਸਲੀਮ ਵਾਸੀ ਮਹਾਰਾਸ਼ਟਰ ਵਜੋਂ ਹੋਈ ਹੈ। ਤੀਜੇ ਜ਼ਖਮੀ ਜਵਾਨ ਦੀ ਹਾਲਤ ਕੱਲ੍ਹ ਰਾਤ ਦੇਰ ਤੱਕ ਗੰਭੀਰ ਬਣੀ ਹੋਈ ਸੀ। ਉਸ ਦੀ ਪਛਾਣ ਸੰਜੇ ਠਾਕਰੇ ਵਾਸੀ ਮਹਾਰਾਸ਼ਟਰ ਵਜੋਂ ਹੋਈ ਹੈ। ਉਹ ਫੌਜ ਦਾ ਬਾਰਬਰ ਹੈ। ਸੂਤਰਾਂ ਮੁਤਾਬਕ ਵੀ ਐੱਨ ਮੂਰਤੀ ਦਾ ਮੁਹੰਮਦ ਤਸਲੀਮ ਨਾਲ ਕਿਸੇ ਗੱਲ 'ਤੇ ਵਿਵਾਦ ਹੋਇਆ ਸੀ। ਜਿਸ ਨੂੰ ਲੈ ਕੇ ਘਟਨਾ ਹੋਈ।

## ਸਟੰਟਬਾਜ਼ੀ ਕਰਦਿਆਂ ਭਾਰਤਵੰਸ਼ੀ ਵਿਦਿਆਰਥੀ ਦੀ ਜਾਨ ਗਈ




ਵਾਸ਼ਿੰਗਟਨ, 15 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੇ ਫਿਲਾਡੈਲਫੀਆ 'ਚ ਸਟੰਟਬਾਜ਼ੀ (ਛੱਤਾਂ ਵਿਚਕਾਰ ਜੰਪ ਮਾਰ ਰਹੇ) 'ਚ ਇੱਕ ਭਾਰਤਵੰਸ਼ੀ ਮੈਡੀਕਲ ਵਿਦਿਆਰਥੀ ਨੂੰ ਆਪਣੀ ਜਾਨ ਤੋਂ ਹੱਥ ਧੋਣਾ ਪਿਆ।

ਕੱਲ੍ਹ ਐਨ ਆਰ ਆਈ ਪਲਸ ਅਖ਼ਬਾਰ ਵੱਲੋਂ ਦਿੱਤੀ ਖਬਰ ਮੁਤਾ-ਬਕ ਮ੍ਰਿਤਕ ਦੀ ਪਛਾਣ ਡ੍ਰੈਕਸਲ ਕਾਲਜ ਆਫ ਮੈਡੀਸਨ ਦੇ 23 ਸਾਲਾ ਵਿਦਿਆਰਥੀ ਵਿਵੇਕ ਸੁਬਰਾਮਨੀ ਵਜੋਂ ਹੋਈ ਹੈ। ਪੁਲਸ ਮੁਤਾਬਕ ਚਸ਼ਮਦੀਦਾਂ ਨੇ ਦੱਸਿਆ ਕਿ ਸੁਬਰਾਮਨੀ ਤੇ ਉਸਦੇ ਦੋ ਦੋਸਤ 11 ਜਨਵਰੀ ਦੀ ਰਾਤ ਨੂੰ ਛੱਤਾਂ ਵਿਚਕਾਰ ਜੰਪ ਲਗਾ ਕੇ ਸੰਟਟ ਕਰ ਰਹੇ ਸਨ ਕਿ ਇਸ ਮੌਕੇ ਵਿਵੇਕ ਹੇਠਾਂ ਡਿੱਗ ਗਿਆ। ਖ਼ੂਨ ਨਾਲ ਲਥਪਥ ਵਿਵੇਕ ਨੂੰ ਥਾਮਸ ਜੈਫਰਸਨ ਯੂਨੀਵਰਸਿਟੀ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਰਾਂ ਨੇ ਮ੍ਰਿਤਕ ਐਲਾਨ ਕਰ ਦਿੱਤਾ। ਪੁਲਸ ਨੇ ਕਿਹਾ ਕਿ ਸਟੰਟਬਾਜ਼ੀ ਤੋਂ ਪਹਿਲੇ ਵਿਵੇਕ ਨੇ ਦੋਸਤ ਨਾਲ ਸ਼ਰਾਬ ਵੀ ਪੀਤੀ ਸੀ। ਇਸ ਲਈ ਲੱਗਦਾ ਹੈ ਕਿ ਇਹ ਹਾਦਸਾ ਉਸ ਦੇ ਨਸ਼ੇ 'ਚ ਹੋਣ ਕਾਰਨ ਵਾਪਰਿਆ ਹੋ ਸਕਦਾ ਹੈ। ਸ਼ੁਰੂਆਤ ਵਿੱਚ ਤਾਂ ਕਾਲਜ ਦੇ ਬੁਲਾਰੇ ਨੇ ਮੌਤ ਦਾ ਕਾਰਨ ਬਾਲਕਨੀ ਤੋਂ ਡਿੱਗਣਾ ਦੱਸਿਆ ਪ੍ਰੰਤੂ ਬਾਅਦ ਵਿੱਚ ਉਨ੍ਹਾਂ ਕਿਹਾ ਕਿ ਪੁਲਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਉਹੀ ਘਟਨਾ ਦਾ ਸਪੱਸ਼ਟ ਕਾਰਨ ਦੱਸ ਸਕਦੀ ਹੈ।

### ਅਫ਼ਗਾਨ ਸਰਕਾਰ ਨੇ ਕਿਹਾ:

## ਜੰਗਬੰਦੀ ਮੰਨੇ ਬਿਨਾਂ ਤਾਲਿਬਾਨ ਨਾਲ ਵਾਰਤਾ ਨਹੀਂ ਕੀਤੀ ਜਾ ਸਕਦੀ




ਕਾਬੁਲ, 15 ਜਨਵਰੀ (ਪੋਸਟ ਬਿਊਰੋ)- ਅਫ਼ਗਾਨਿਸਤਾਨ ਸਰਕਾਰ ਦੇ ਬੁਲਾਰੇ ਨੇ ਕਿਹਾ ਹੈ ਕਿ ਕਿਸੇ ਵੀ ਕਿਸਮ ਦੀ ਸ਼ਾਤੀ ਵਾਰਤਾ ਤੋਂ ਪਹਿਲਾਂ ਤਾਲਿਬਾਨ ਨੂੰ ਜੰਗਬੰਦੀ ਦਾ ਐਲਾਨ ਕਰਨਾ ਹੋਵੇਗਾ। ਉਨ੍ਹਾਂ ਦੋ ਟੁੱਕ ਕਿਹਾ ਕਿ ਜੇ ਅੱਤਵਾਦੀ ਜਮਾਤ ਅਜਿਹਾ ਨਹੀਂ ਕਰਦੀ ਤਾਂ ਅਫ਼ਗਾਨ ਸਰਕਾਰ ਨਾਲ ਵਾਰਤਾ ਨਹੀਂ ਹੋਵੇਗੀ।

ਰਾਸ਼ਟਰਪਤੀ ਭਵਨ ਦੇ ਬੁਲਾਰੇ ਸਾਦਿਕ ਸਿੱਦੀਕੀ ਨੇ ਕਿਹਾ ਕਿ ਤਾਲਿਬਾਨ ਵੱਲੋਂ ਜੰਗਬੰਦੀ ਦਾ ਐਲਾਨ ਕੀਤੇ ਬਿਨਾਂ ਨਾ ਲੰਬੇ ਸਮੇਂ ਤੱਕ ਖੇਤਰ ਵਿੱਚ ਸ਼ਾਤੀ ਰਹਿ ਸਕਦੀ ਹੈ ਅਤੇ ਨਾ ਹਿੰਸਾ ਵਿੱਚ ਕਿਸੇ ਤਰ੍ਹਾਂ ਦੀ ਕਮੀ ਆਵੇਗੀ। ਇਸ ਦੌਰਾਨ ਇੱਕ ਸਰਕਾਰੀ ਸੂਤਰ ਨੇ ਕਿਹਾ ਹੈ ਕਿ ਤਾਲਿਬਾਨ ਨੇ ਹਿੰਸਾ ਵਿੱਚ ਕਮੀ ਲਈ ਇੱਕ ਯੋਜਨਾ ਬਣਾਈ ਹੈ ਪ੍ਰੰਤੂ ਉਹ ਅਫ਼ਗਾਨ ਸਰਕਾਰ ਨਾਲ ਵਾਰਤਾ ਤੋਂ ਪਹਿਲਾਂ ਜੰਗਬੰਦੀ ਲਈ ਤਿਆਰ ਨਹੀਂ ਹਨ। ਅਫ਼ਗਾਨਿਸਤਾਨ ਲਈ ਨਾਟੋ ਦੇ ਪ੍ਰਤੀਨਿਧ ਨਿਕੋਲਸ ਕਾਈ ਦਾ ਕਹਿਣਾ ਹੈ ਕਿ ਉਹ ਆਸ਼ਵਾਦੀ ਹਨ ਅਤੇ ਉਮੀਦ ਕਰਦੇ ਹਨ ਕਿ ਅਮਰੀਕਾ ਅਤੇ ਤਾਲਿਬਾਨ ਵਿਚਾਲੇ ਸ਼ਾਂਤੀ ਵਰਤਾ ਅੱਗੇ ਵਧੇਗੀ ਅਤੇ ਉਸ ਤੋਂ ਅਫ਼ਗਾਨ ਸਰਕਾਰ ਨਾਲ ਅੱਤਵਾਦੀ ਜਮਾਤ ਦੀ ਵਾਰਤਾ ਦਾ ਰਸਤਾ ਖੁੱਲ੍ਹ ਜਾਏਗਾ। ਉਨ੍ਹਾਂ ਕਿਹਾ ਕਿ ਪਿਛਲੇ ਸਾਲਾ ਦੌਰਾਨ ਸ਼ਾਂਤੀ ਪ੍ਰਕਿਰਿਆ ਦੇ ਪੱਖ ਵਿੱਚ ਇੱਕ ਮਜ਼ਬੂਤ ਖੇਤਰੀ ਸਹਿਮਤੀ ਬਣੀ ਹੈ ਤੇ ਵਰਤਮਾਨ ਸਮੇਂ ਵਿੱਚ ਇਸ ਖੇਤਰ ਵਿੱਚ ਸੁਰੱਖਿਆ ਬਲ ਪਹਿਲੇ ਤੋਂ ਕਿਤੇ ਜ਼ਿਆਦ ਮਜ਼ਬੂਤ ਹਨ। ਸ਼ਾਂਤੀ ਵਾਰਤਾ ਨਾਲ ਜੁੜੇ ਇੱਕ ਹੋਰ ਸੂਤਰ ਨੇ ਕਿਹਾ ਹੈ ਕਿ ਇਸ ਕੇਸ ਵਿੱਚ ਅਮਰੀਕਾ ਦੇ ਵਿਸ਼ੇਸ਼ ਦੂਤ ਜਾਲਮੇ ਖਲੀਲਜ਼ਾਦ ਪਿਛਲੇ ਇੱਕ ਹਫ਼ਤੇ ਤੋਂ ਕਤਰ ਵਿੱਚ ਹਨ। ਇਸ ਦੌਰਾਨ ਉਨ੍ਹਾਂ ਦੀ ਤਾਲਿਬਾਨ ਦੇ ਉਪ ਨੇਤਾ ਅਬਦੁੱਲ ਗਨੀ ਬਰਾਬਦ ਨਾਲ ਗ਼ੈਰ-ਰਸਮੀ ਗੱਲਬਾਤ ਵੀ ਹੋਈ ਹੈ। ਜਾਣਕਾਰ ਸੂਤਰਾਂ ਮੁਤਾਬਕ ਅਫ਼ਗਾਨ ਸਰਕਾਰ ਦੇ ਆਗੂਆਂ ਨਾਲ ਹਿੰਸਾ ਨੂੰ ਘੱਟ ਕਰਨ ਲਈ ਖਲੀਲਜ਼ਾਦ ਜਲਦੀ ਹੀ ਕਾਬੁਲ ਦਾ ਦੌਰਾ ਕਰਨਗੇ।

ਵਰਨਣ ਯੋਗ ਹੈ ਕਿ ਅਫ਼ਗਾਨਿਸਤਾਨ ਦਾ ਸੰਕਟ ਹੱਲ ਕਰਨ ਲਈ ਅਮਰੀਕਾ ਤੇ ਤਾਲਿਬਾਨ ਵਿਚਕਾਰ ਅਕਤੂਬਰ 2018 ਵਿੱਚ ਦੋਹਾ ਵਿੱਚ ਵਾਰਤਾ ਹੋਈ ਸੀ ਪ੍ਰੰਤੂ ਪਿਛਲੇ ਸਾਲ ਸਤੰਬਰ ਵਿੱਚ ਇੱਕ ਕਾਰ ਬੰਬ ਧਮਾਕੇ ਪਿੱਛੋਂ ਰੁਕ ਗਈ ਸੀ। ਸੱਤ ਦਸੰਬਰ, 2019 ਨੂੰ ਵਾਰਤਾ ਫਿਰ ਸ਼ੁਰੂ ਹੋਈ ਪ੍ਰੰਤੂ ਬਗਰਾਮ ਹਮਲੇ ਪਿੱਛੋਂ ਇਹ ਫਿਰ ਤੋਂ ਰੁਕ ਗਈ।

## ਕਸ਼ਮੀਰ ਦੇ ਹਾਲਾਤ ਮਨੁੱਖੀ ਅਧਿਕਾਰਾਂ ਦੀ ਉਲੰਘਣਾ: ਡੇਬੀ ਡਿੰਗਲ



ਵਾਸ਼ਿੰਗਟਨ, 15 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੀ ਮਹਿਲਾ ਪਾਰਲੀਮੈਂਟ ਮੈਂਬਰ ਡੇਬੀ ਡਿੰਗਲ ਨੇ ਕਿਹਾ ਹੈ ਕਿ ਕਸ਼ਮੀਰ ਦੇ ਹਾਲਾਤ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹਨ।

ਡੇਬੀ ਨੇ ਨਵੇਂ ਬਣੇ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ ਵਿੱਚ ਨਜ਼ਰਬੰਦ ਲੋਕਾਂ ਨੂੰ ਛੱਡਣ ਅਤੇ ਸੰਚਾਰ ਸੇਵਾਵਾਂ 'ਤੇ ਲੱਗੀਆਂ ਪਾਬੰਦੀਆਂ ਹਟਾਉਣ ਦੀ ਅਪੀਲ ਕਰਨ ਵਾਲੇ ਮਤੇ ਦੀ ਹਮਾਇਤ ਕਰਦਿਆਂ ਕਿਹਾ ਕਿ ਕਸ਼ਮੀਰ ਦੇ ਹਾਲਾਤ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹਨ। ਭਾਰਤੀ ਮੂਲ ਦੀ ਅਮਰੀਕੀ ਪਾਰਲੀਮੈਂਟ ਮੈਂਬਰ ਪ੍ਰੋਮਿਲਾ ਜੈਪਾਲ ਨੇ ਅਮਰੀਕਾ ਦੀ ਪ੍ਰਤੀਨਿਧ ਸਭਾ ਵਿੱਚ ਇਸ ਬਾਰੇ ਮਤਾ ਪਿਛਲੇ ਸਾਲ ਪੇਸ਼ ਕੀਤਾ ਸੀ। ਇਸ ਦੀ ਕੁੱਲ 36 ਜਣਿਆਂ ਨੇ ਹਮਾਇਤ ਕੀਤੀ ਸੀ, ਜਿਨ੍ਹਾਂ ਵਿੱਚੋਂ ਦੋ ਰਿਪਬਲੀਕਨ ਤੇ 34 ਵਿਰੋਧੀ ਡੈਮੋਕ੍ਰੇਟਿਕ ਪਾਰਟੀ ਮੈਂਬਰ ਹਨ। ਡਿੰਗਲ ਨੇ ਕੱਲ੍ਹ ਰਾਤ ਟਵਿੱਟਰ 'ਤੇ ਕਿਹਾ, ਕਸ਼ਮੀਰ ਦੀ ਮੌਜੂਦਾ ਹਾਲਤ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਗਲਤ ਢੰਗ ਨਾਲ ਹਜ਼ਾਰਾਂ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਅਤੇ ਲੱਖਾਂ ਲੋਕਾਂ ਦੀ ਪਹੁੰਚ ਇੰਟਰਨੈਟ ਅਤੇ ਟੈਲੀਫੋਨ ਤੱਕ ਨਹੀਂ। ਉਨ੍ਹਾਂ ਕਿਹਾ, ਇਸ ਲਈ ਮੈਂ ਮਤੇ 'ਤੇ ਦਸਖਤ ਕੀਤੇ ਹਨ ਤਾਂ ਕਿ ਅਮਰੀਕਾ ਸੰਸਾਰ ਨੂੰ ਦੱਸ ਸਕੇ ਕਿ ਅਸੀਂ ਉਲੰਘਣਾਵਾਂ ਨਹੀਂ ਵੇਖਾਂਗੇ। ਡਿੰਗਲ ਮਿਸ਼ੀਗਨ ਦੀ ਪ੍ਰਤੀਨਿਧਤਾ ਕਰਦੀ ਹੈ। ਇਹ ਮਤਾ ਹੁਣ ਜ਼ਰੂਰੀ ਕਾਰਵਾਈ ਲਈ ਹਾਊਸ ਫਾਰੇਨ ਅਫੇਅਰਜ਼ ਕਮੇਟੀ ਕੋਲ ਹੈ।

## ਮੈਲਬੋਰਨ ਦੀ ਹਵਾ ਦੀ ਗੁਣਵੱਤਾ ਦੁਨੀਆ ਵਿੱਚ ਸਭ ਤੋਂ ਖਰਾਬ ਹੋ ਗਈ



ਮੈਲਬੋਰਨ, 15 ਜਨਵਰੀ (ਪੋਸਟ ਬਿਊਰੋ)- ਆਸਟਰੇਲੀਆ 'ਚ ਜੰਗਲਾਂ ਵਿੱਚ ਲੱਗੀ ਅੱਗ ਵਿੱਚੋਂ ਨਿਕਲਦੇ ਧੂੰਏਂ ਕਾਰਨ ਦੇਸ਼ ਦੇ ਦੂਸਰੇ ਸਭ ਤੋਂ ਵੱਡੇ ਨਗਰ ਮੈਲਬੋਰਨ ਦੀ ਹਵਾ ਦੀ ਗੁਣਵੱਤਾ ਦੁਨੀਆ 'ਚ ਸਭ ਤੋਂ ਖਰਾਬ ਹੋ ਗਈ ਹੈ।

ਇਸ ਸੰਬੰਧ ਵਿੱਚ ਅਧਿਕਾਰੀਆਂ ਨੇ ਲੋਕਾਂ ਨੂੰ ਚਿਤਾਵਨੀ ਜਾਰੀ ਕਰਦੇ ਹੋਏ ਸਲਾਹ ਦਿੱਤੀ ਹੈ ਕਿ ਉਹ ਘਰਾਂ ਵਿੱਚ ਹੀ ਰਹਿਣ ਅਤੇ ਸਾਵਧਾਨੀ ਵਰਤਣ। ਆਸਟਰੇਲੀਆ ਵਿੱਚ ਲੱਗੀ ਅੱਗ ਨੂੰ ਇਤਿਹਾਸ ਵਿੱਚ ਸਭ ਤੋਂ ਖਤਰਨਾਕ ਮੰਨਿਆ ਜਾ ਰਿਹਾ ਹੈ ਅਤੇ ਅੱਗ ਕਾਰਨ ਅੱਜ ਤੱਕ ਘੱਟੋ-ਘੱਟ 26 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਸ ਤੋਂ ਇਲਾਵਾ ਲਗਭਗ ਇੱਕ ਕਰੋੜ ਹੈਕਟੇਅਰ ਜ਼ਮੀਨ ਸੜ ਗਈ ਹੈ, 2000 ਤੋਂ ਵੱਧ ਘਰ ਅੱਗ ਦੀ ਭੇਟ ਚੜ੍ਹ ਗਏ ਹਨ ਅਤੇ ਕਈ ਨਸਲਾਂ ਖ਼ਤਮ ਹੋਣ ਕੰਢੇ ਪਹੁੰਚ ਗਈਆਂ ਹਨ। ਇਸ ਦਰਮਿਆਨ ਮੌਸਮ ਵਿਗਿਆਨ ਬਿਊਰੋ ਨੇ ਆਪਣੇ ਅੰਦਾਜ਼ੇ 'ਚ ਇਸ ਹਫਤੇ ਬਾਰਿਸ਼ ਹੋਣ ਦੀ ਗੱਲ ਕੀਤੀ ਹੈ, ਜਿਸ ਨਾਲ ਅੱਗ ਨਾਲ ਪ੍ਰਭਾਵਤ ਖੇਤਰਾਂ ਅਤੇ ਅੱਗ ਬੁਝਾਊ ਮੁਲਾਜ਼ਮਾਂ ਨੂੰ ਕੁਝ ਰਾਹਤ ਮਿਲੀ ਹੈ। ਆਸਟਰੇਲੀਆਈ ਬ੍ਰਾਡਕਾਸਟਿੰਗ ਕਾਰਪੋਰੇਸ਼ਨ (ਏ ਬੀ ਸੀ) ਦੀ ਰਿਪੋਰਟ ਮੁਤਾਬਕ ਦੇਸ਼ ਦੇ ਪੂਰਬੀ ਤੱਟ 'ਤੇ ਵੱਡੇ ਖੇਤਰ ਵਿੱਚ ਮੀਂਹ ਪੈਣ ਦੀ ਉਮੀਦ ਹੈ। ਕੱਲ੍ਹ ਤੋਂ ਹਫਤੇ ਦੇ ਅਖੀਰ ਤੱਕ ਮੀਂਹ ਪੈਣ ਦੀ ਸੰਭਾਵਨਾ ਹੈ। ਮੈਲਬੋਰਨ ਸਿਡਨੀ ਤੋਂ ਬਾਅਦ ਦੂਸਰਾ ਸਭ ਤੋਂ ਵੱਡਾ ਸ਼ਹਿਰ ਹੈ ਅਤੇ ਇਥੋਂ ਦੀ ਆਬਾਦੀ ਲਗਭਗ 42 ਲੱਖ ਹੈ। ਵਿਕਟੋਰੀਆ ਦੇ ਮੁੱਖ ਸਿਹਤ ਅਧਿਕਾਰੀ ਬ੍ਰੇਟ ਸਟਨ ਨੇ ਕਿਹਾ ਕਿ ਕੱਲ੍ਹ ਰਾਤ ਤੋਂ ਮੈਲਬੋਰਨ ਦੁਨੀਆ ਵਿੱਚ ਸਭ ਤੋਂ ਖਰਾਬ ਸਥਿਤੀ ਵਿੱਚ ਪਹੁੰਚ ਗਿਆ ਹੈ। ਉਨ੍ਹਾਂ ਕਿਹਾ ਕਿ ਤਾਪਮਾਨ ਵਧਣ ਕਾਰਨ ਹਵਾ ਦੀ ਗੁਣਵੱਤਾ ਖਰਾਬ ਹੋ ਗਈ ਹੈ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਖਰਾਬ ਹਵਾ ਕਾਰਨ ਲੋਕਾਂ ਦੀ ਸਿਹਤ ਖਰਾਬ ਹੋ ਸਕਦੀ ਹੈ।

## ਡੀ ਐੱਸ ਪੀ ਦਵਿੰਦਰ ਸਿੰਘ ਜੰਮੂ-ਕਸ਼ਮੀਰ ਪੁਲਸ ਦੀ ਨੌਕਰੀ ਤੋਂ ਬਰਖਾਸਤ ਕੀਤਾ

ਜੰਮੂ, 15 ਜਨਵਰੀ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਪੁਲਸ ਨੇ ਡੀ ਐੱਸ ਪੀ ਦਵਿੰਦਰ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਹੈ। ਇਸ ਬਾਰੇ ਇਕ ਹੁਕਮ ਜਾਰੀ ਹੋਇਆ ਹੈ। ਵਰਨਣ ਯੋਗ ਹੈ ਕਿ ਡੀ ਐੱਸ ਪੀ ਦਵਿੰਦਰ ਸਿੰਘ ਨੂੰ ਹਿਜ਼ਬੁਲ ਮੁਜਾਹਿਦੀਨ ਦੇ ਦੋ ਅੱਤਵਾਦੀਆਂ ਨਾਲ ਫੜਿਆ ਗਿਆ ਸੀ। ਇਹ ਅੱਤਵਾਦੀ ਉਸ ਦੀ ਕਾਰ ਵਿੱਚ ਸਨ।

ਸਮਝਿਆ ਜਾਂਦਾ ਹੈ ਕਿ ਦਵਿੰਦਰ ਸਿੰਘ ਅੱਤਵਾਦੀਆਂ ਨੂੰ ਕਸ਼ਮੀਰ ਤੋਂ ਬਾਹਰ ਲਿਜਾਣਾ ਚਾਹੁੰਦਾ ਸੀ, ਜਿਸ ਲਈ ਉਸ ਨੇ ਅੱਤਵਾਦੀਆਂ ਨਾਲ ਲੱਖਾਂ ਰੁਪਏ ਦੀ ਡੀਲ ਕੀਤੀ ਸੀ। ਅੱਤਵਾਦੀਆਂ ਦਾ ਮਦਦਗਾਰ ਹੋਣ ਕਾਰਨ ਦਵਿੰਦਰ ਸਿੰਘ ਵਿਵਾਦਾਂ ਦੇ ਘੇਰੇ ਵਿਚ ਹੈ। ਜਾਂਚ ਏਜੰਸੀਆਂ ਉਸ ਤੋਂ ਪੁੱਛ-ਗਿੱਛ ਕਰ ਰਹੀਆਂ ਹਨ। ਇਸ ਖੁਲਾਸੇ ਨਾਲ ਸ੍ਰੀਨਗਰ ਤੋਂ ਲੈ ਕੇ ਦਿੱਲੀ ਤਕ ਸੱਤਾ ਦੇ ਗਲਿਆਰਿਆਂ ਵਿੱਚ ਭੂਚਾਲ ਆ ਗਿਆ ਹੈ।

ਦਵਿੰਦਰ ਸਿੰਘ ਨੂੰ 11 ਜਨਵਰੀ ਨੂੰ ਕੁਲਗਾਮ ਜ਼ਿਲੇ ਵਿਚ ਸ੍ਰੀਨਗਰ-ਜੰਮੂ ਨੈਸ਼ਨਲ ਹਾਈਵੇਅ ਉੱਤੇ ਕਾਰ ਵਿੱਚ ਫੜਿਆ ਸੀ। ਉਹ ਹਿਜ਼ਬੁਲ ਮੁਜਾਹਿਦੀਨ ਦੇ ਅੱਤਵਾਦੀ ਸਈਦ ਨਵੀਦ ਅਤੇ ਰਫੀ ਨੂੰ ਲੈ ਕੇ ਜੰਮੂ ਜਾ ਰਿਹਾ ਸੀ ਅਤੇ ਉਸ ਨੇ ਪੁੱਛ-ਗਿੱਛ ਵਿਚ ਕਈ ਹੈਰਾਨੀ ਵਾਲੇ ਖੁਲਾਸੇ ਕੀਤੇ ਹਨ। ਉਸ ਨੇ ਦੱਸਿਆ ਕਿ ਉਸ ਨੇ 12 ਲੱਖ ਵਿਚ ਅੱਤਵਾਦੀਆਂ ਨੂੰ ਦਿੱਲੀ ਪੁਚਾਉਣ ਦੀ ਡੀਲ ਕੀਤੀ ਸੀ।

## ਕਮਾਂਡਰ ਦੀ ਹੱਤਿਆ ਮਾਮਲੇ ਵਿਚ ਅਮਰੀਕਾ ਨੂੰ ਇਰਾਨ ਅੰਤਰਰਾਸ਼ਟਰੀ ਅਦਾਲਤ ਵਿੱਚ ਘੜੀਸੇਗਾ



ਤਹਿਰਾਨ, 15 ਜਨਵਰੀ (ਪੋਸਟ ਬਿਊਰੋ)- ਇਰਾਨ ਨੇ ਆਪਣੇ ਸਿਖਰਲੇ ਕਮਾਂਡਰ ਕਾਸਿਮ ਸੁਲੇਮਾਨੀ ਦੀ ਬਗਦਾਦ ਵਿੱਚ ਹਵਾਈ ਹਮਲੇ ਵਿੱਚ ਹੋਈ ਹੱਤਿਆ ਬਾਰੇ ਅਮਰੀਕੀ ਸਰਕਾਰ ਅਤੇ ਉਸ ਦੀ ਫੌਜ ਨੂੰ ਜ਼ਿੰਮੇਦਾਰ ਮੰਨਦੇ ਹੋਏ ਉਨ੍ਹਾਂ ਦੇ ਖ਼ਿਲਾਫ਼ ਹੇਗ ਦੀ ਅੰਤਰਰਾਸ਼ਟਰੀ ਅਦਾਲਤ ਵਿੱਚ ਕੇਸ ਦਾਇਰ ਕਰਨ ਦਾ ਮਨ ਬਣਾਇਆ ਹੈ।

ਅਦਾਲਤ ਦੇ ਬੁਲਾਰੇ ਗੁਲਾਮ ਹੁਸੈਨ ਇਸਮਾਈਲ ਨੇ ਕੱਲ੍ਹ ਦੱਸਿਆ, 'ਅਸੀਂ ਅਮਰੀਕੀ ਫੌਜ, ਸਰਕਾਰ ਤੇ ਟਰੰਪ (ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ) ਦੇ ਖ਼ਿਲਾਫ਼ ਇਸ ਅਪਰਾਧ ਲਈ ਕੇਸ ਦਰਜ ਕਰਵਾਉਣ ਵਾਲੇ ਹਾਂ।'' ਉਨ੍ਹਾਂ ਨੇ ਕਿਹਾ ਕਿ ਅਮਰੀਕਾ ਦੇ ਖ਼ਿਲਾਫ਼ ਇਰਾਨ ਦੀਆਂ ਕਈ ਅਦਾਲਤਾਂ ਤੇ ਸੁਪਰੀਮ ਕੋਰਟ ਵਿੱਚ ਵੀ ਕੇਸ ਚਲਾਇਆ ਜਾਵੇਗਾ।

ਇਸ ਤੋਂ ਪਹਿਲਾਂ ਇਰਾਨ ਦੇ ਮੁਖ ਮੰਤਰੀ ਇਬਰਾਇਹਮ ਰਾਈਸੀ ਨੇ ਕਿਹਾ ਸੀ ਕਿ ਮੇਜਰ ਜਨਰਲ ਸੁਲੇਮਾਨੀ ਦੀ ਹੱਤਿਆ ਬਾਰੇ ਡੋਨ-ਾਲਡ ਟਰੰਪ ਨੂੰ ਸਿੱਧੇ ਜ਼ਿੰਮੇਦਾਰ ਠਹਿਰਾਇਆ ਜਾਣਾ ਚਾਹੀਦਾ ਹੈ। ਵਰਨਣ ਯੋਗ ਹੈ ਕਿ ਬਗਦਾਦ ਵਿੱਚ ਅਮਰੀਕੀ ਹਵਾਈ ਹਮਲੇ ਵਿੱਚ ਸੁਲੇਮਾਨੀ ਦੀ ਮੌਤ ਅਤੇ ਇਸ ਦੇ ਬਦਲੇ ਇਰਾਨ ਵੱਲੋਂ ਇਰਾਕ ਵਿਚਲੇ ਅਮਰੀਕੀ ਫੌਜ ਦੇ ਦੋ ਟਿਕਾਨਿਆ 'ਤੇ ਹਮਲੇ ਦੇ ਬਾਅਦ ਖਾੜੀ ਖੇਤਰ ਵਿੱਚ ਤਨਾਅ ਵਧ ਗਿਆ ਹੈ। ਇਸ ਦੌਰਾਨ ਇਰਾਨ ਦੇ ਮਿਸਾਈਲ ਹਮਲੇ ਕਾਰਨ ਯੂਕੇਰਨ ਦਾ ਜਹਾਜ਼ ਦੇ ਦੁਰਘਟਨਾ ਗ੍ਰਸਤ ਹੋਣ ਅਤੇ ਉਸ ਵਿੱਚ ਸਵਾਰ ਚਾਲਕ ਦਲ ਦੇ ਨੌ ਮੈਂਬਰਾਂ ਸਮੇਤ 176 ਲੋਕਾਂ ਦੀ ਮੌਤ ਦੇ ਬਾਅਦ ਇਰਾਨ ਨੂੰ ਅੰਦਰੂਨੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ ਕਿਉਂਕਿ ਮਾਰੇ ਗਏ ਬਹੁਤੇ ਲੋਕ ਇਰਾਨ ਅਤੇ ਕੈਨੇਡਾ ਦੇ ਸਨ। ਸੁਲੇਮਾਨੀ ਦੀ ਮੌਤ ਬਾਰੇ ਇਰਾਨ ਸੰਸਾਰ ਦੇ ਮੰਚਾਂ 'ਤੇ ਅਮਰੀਕਾ ਨੂੰ ਬੇਨਕਾਬ ਕਰਨਾ ਚਾਹੁੰਦਾ ਹੈ, ਪਰ ਉਸਦਾ ਕੋਈ ਵੀ ਯਤਨ ਅਜੇ ਤੱਕ ਸਫਲ ਨਹੀਂ ਹੋ ਸਕਿਆ।

## ਜਾਰਡਨ ਦੇ ਕਿੰਗ ਵੱਲੋਂ ਚਿਤਾਵਨੀ: ਆਈ ਐੱਸ ਫਿਰ ਪੈਰ ਪਸਾਰ ਰਿਹੈ



ਅਮਾਨ, 15 ਜਨਵਰੀ (ਪੋਸਟ ਬਿਊਰੋ)- ਜਾਰਡਨ ਦੇ ਕਿੰਗ ਅਬਦੁੱਲਾ ਨੇ ਖਾੜੀ ਦੇਸ਼ਾਂ ਵਿਚ ਇਸਲਾਮਿਕ ਸਟੇਟ ਦੇ ਮੁੜ ਸੰਗਠਿਤ ਹੋਣ ਦੀ ਜਾਣਕਾਰੀ ਦੇ ਕੇ ਪੱਛਮੀ ਦੁਨੀਆ ਨੂੰ ਹੈਰਾਨ ਕਰ ਦਿੱਤਾ ਹੈ। ਉਨ੍ਹਾਂ ਨੇ ਫ੍ਰਾਂਸੀਸੀ ਟੀ ਵੀ ਚੈਨਲ ਨੂੰ ਦਿੱਤੇ ਇਕ ਇੰਟਰਵਿਊ ਵਿਚ ਕਿਹਾ ਕਿ ਇਹ ਖਤਰਨਾਕ ਸੰਗਠਨ ਦੱਖਣੀ ਸੀਰੀਆ ਵਿਚ ਹੀ ਨਹੀਂ, ਬਲਕਿ ਪੱਛਮੀ ਇਰਾਕ ਵਿਚ ਵੀ ਇੱਕ ਵਾਰ ਫਿਰ ਸਰਗਰਮ ਹੋਣ ਲੱਗ ਪਿਆ ਹੈ।

ਇਸ ਮੌਕੇ ਜਾਰਡਨ ਦੇ ਰਾਜਾ ਨੇ ਕਿਹਾ ਕਿ ਸਾਨੂੰ ਇਸਲਾਮਿਕ ਸਟੇਟ ਦੇ ਨਵੇਂ ਸਿਰੇ ਤੋਂ ਉਭਰਨ ਵੇਲੇ ਨਿਪਟਣ ਦੇ ਇੰਤਜ਼ਾਮ ਕਰਨੇ ਹੋਣਗੇ, ਕਿਉਂਕਿ ਇਸ ਦੇ ਕਈ ਵਿਦੇਸ਼ੀ ਲੜਾਕੇ ਇਸ ਵੇਲੇ ਸੀਰੀਆ ਤੋਂ ਲੀਬੀਆ ਵੱਲ ਰੁਖ ਕਰ ਚੁੱਕੇ ਹਨ। ਉਨ੍ਹਾਂ ਨੇ ਇਸਲਾਮਿਕ ਸਟੇਟ ਨੂੰ ਰੋਕਣ ਲਈ ਯੂਰਪ ਨੂੰ ਖਾਸ ਕਰ ਕੇ ਧਿਆਨ ਦੇਣ ਨੂੰ ਕਿਹਾ ਹੈ। ਕਿੰਗ ਅਬਦੁੱਲਾਹ ਨੇ ਕਿਹਾ ਕਿ ਲੀਬੀਆ ਦੀ ਸਰਹੱਦ ਯੂਰਪ ਦੇ ਦੇਸ਼ਾਂ ਨਾਲ ਲੱਗਦੀ ਹੈ, ਇਸ ਲਈ 2020 ਵਿਚ ਯੂਰਪ ਲਈ ਇਹ ਚਰਚਾ ਦਾ ਵਿਸ਼ਾ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਸੀਰੀਆ ਦੇ ਇਦਲਿਬ ਸ਼ਹਿਰ ਵਿੱਚੋਂ ਭੱਜੇ ਲੜਾਕੇ ਉੱਤਰ ਅਫਰੀਕੀ ਦੇਸ਼ ਲੀਬੀਆ ਵਿਚ ਹਨ ਅਤੇ ਯੂਰਪ ਅਤੇ ਇਸ ਦੇਸ਼ ਦੇ ਵਿਚਾਲੇ ਸਿਰਫ ਭੂ-ਮੱਧ ਸਾਗਰ ਹੈ, ਜਿਸ ਨੂੰ ਪਾਰ ਕਰ ਕੇ ਇਹ ਲੜਾਕੇ ਯੂਰਪ ਵਿਚ ਦਾਖਲ ਹੋ ਸਕਦੇ ਹਨ।

ਕਿੰਗ ਅਬਦੁੱਲਾਹ ਨੇ ਕਿਹਾ ਕਿ ਲੀਬੀਆ ਦੇ ਗ੍ਰਹਿ ਯੁੱਧ ਨੂੰ ਰੋਕਣ ਦੇ ਨਾਂ ਉੱਤੇ ਤੁਰਕੀ ਨੇ ਜਿਵੇਂ ਉਥੇ ਫੌਜ ਭੇਜਣ ਦਾ ਫੈਸਲਾ ਕੀਤਾ ਹੈ, ਉਸ ਨਾਲ ਖੇਤਰ ਵਿਚ ਉਲਝਣ ਦੇ ਹਾਲਾਤ ਵਧ ਗਏ ਹਨ। ਮੱਧ-ਪੂਰਬ ਵਿਚ ਸ਼ਾਂਤੀ ਤੇ ਸਥਿਰਤਾ ਦੇ ਪੱਖ ਤੋਂ ਅਹਿਮ ਜਾਰਡਨ ਅੱਜ ਤੱਕ ਗੁਆਂਢੀ ਸੀਰੀਆ ਦੇ 13 ਲੱਖ ਸ਼ਰਨਾਰਥੀਆਂ ਨੂੰ ਪਨਾਹ ਦੇ ਚੁੱਕਾ ਹੈ।

## ਸੇਬੀ ਨੇ ਡਿਆਜਿਓ ਦੇ ਇੱਕ ਸਾਬਕਾ ਅਧਿਕਾਰੀ ਉੱਤੇ ਸੱਤ ਸਾਲਾ ਪਾਬੰਦੀ ਲਾਈ



ਨਵੀਂ ਦਿੱਲੀ, 15 ਜਨਵਰੀ (ਪੋਸਟ ਬਿਊਰੋ)- ਭਾਰਤੀ ਜ਼ਮਾਨਤ ਅਤੇ ਵਟਾਂਦਰਾ ਬੋਰਡ (ਸੇਬੀ) ਨੇ ਡਿਆਜਿਓ ਪੀ ਐਲ ਸੀ ਦੇ ਸਾਬਕਾ ਅਧਿਕਾਰੀ ਨਿਸ਼ਾਤ ਸ਼ੈਲੇਸ਼ ਗੁਪਤੇ 'ਤੇ ਪੂੰਜੀ ਬਾਜ਼ਾਰ ਵਿੱਚ ਕਾਰੋਬਾਰ ਕਰਨ 'ਤੇ ਸੱਤ ਸਾਲ ਦੀ ਪਾਬੰਦੀ ਲਾ ਦਿੱਤੀ ਹੈ। ਗੁਪਤੇ ਉਤੇ ਇਹ ਪਾਬੰਦੀ ਯੂਨਾਈਟਿਡ ਸਪ੍ਰਿਟਸ ਨਾਲ ਸੰਬੰਧਤ ਭੇਤੀਆ ਕਾਰੋਬਾਰ 'ਚ ਲਾਈ ਗਈ ਹੈ। ਇਸ ਤੋਂ ਇਲਾਵਾ ਰੈਗੂਲੇਟਰ ਨੇ ਗੁਪਤੇ ਨਾਲ ਜੁੜੇ ਤਿੰਨ ਲੋਕਾਂ ਪੂਨਮ ਹਰੀਸ਼ ਜਸ਼ਨਾਨੀ, ਹਰੀਸ਼ ਪਰਮਾਨੰਦ ਜਸ਼ਨਾਨੀ ਅਤੇ ਵਰੁਣ ਹਰੀਸ਼ ਜਸ਼ਨਾਨੀ ਨੂੰ ਭੇਤੀਆ ਕਾਰੋਬਾਰ ਮਾਮਲੇ 'ਚ ਗੈਰ-ਕਾਨੂੰਨੀ ਤਰੀਕੇ ਨਾਲ ਕਮਾਏ ਇੱਕ ਕੋਰੜ ਰੁਪਏ ਦੇ ਲਾਭ ਨੂੰ ਵਿਆਜ ਸਮੇਤ ਮੋੜਨ ਦਾ ਹੁਕਮ ਦਿੱਤਾ ਹੈ।

ਸੇਬੀ ਨੇ ਕਿਹਾ ਕਿ ਗੁਪਤੇ ਡਿਆਜਿਓ ਦੇ ਕੌਮਾਂਤਰੀ ਵਪਾਰ ਵਿਕਾਸ ਪ੍ਰਬੰਧਕ ਸਨ। ਉਨ੍ਹਾਂ ਕੋਲ ਰਿਲੇ ਬੀ ਵੀ ਵੱਲੋਂ ਯੂਨਾਈਟਿਡ ਸਪ੍ਰਿਟਸ ਦੇ ਸ਼ੇਅਰਾਂ ਦੀ ਅਕਵਾਇਰਮੈਂਟ ਲਈ ਪ੍ਰਸਤਾਵਿਤ ਬੋਲੀ ਦੀ ਅਣਛਪੀ ਸੰਵੇਦਨਸ਼ੀਲ ਸੂਚਨਾ ਸੀ।

## ਸਾਲ 2019 ਵਿੱਚ ਮਹਾਸਾਗਰ ਸਭ ਤੋਂ ਵੱਧ ਗਰਮ ਰਹੇ



ਬੀਜਿੰਗ, 15 ਜਨਵਰੀ (ਪੋਸਟ ਬਿਊਰੋ)- ਅੱਜ ਤੱਕ ਦੇ ਮਨੁੱਖੀ ਇਤਿਹਾਸ ਵਿੱਚ 2019 ਵਿੱਚ ਦੁਨੀਆ ਦੇ ਮਹਾਸਾਗਰ ਖਾਸ ਤੌਰ 'ਤੇ ਸਤ੍ਹਾ ਅਤੇ ਦੋ ਹਜ਼ਾਰ ਮੀਟਰ ਦੀ ਡੂੰਘਾਈ ਤੱਕ ਸਭ ਤੋਂ ਜ਼ਿਆਦਾ ਗਰਮ ਰਹੇ।

ਵਿਗਿਆਨੀਆਂ ਨੇ ਦੱਸਿਆ ਹੈ ਕਿ ਮਨੁੱਖ ਵੱਲੋਂ ਤਿਆਰ ਗੈਸਾਂ ਨਾਲ ਮਹਾਸਾਗਰ ਬਹੁਤ ਤੇਜ਼ੀ ਨਾਲ ਗਰਮ ਹੋ ਰਹੇ ਹਨ, ਕਿਉਂਕਿ ਗਰੀਨ ਹਾਊਸ ਗੈਸਾਂ ਤੋਂ ਪੈਦਾ ਹੋਣ ਵਾਲੀ ਗਰਮੀ ਦਾ ਨੱਬੇ ਫੀਸਦੀ ਹਿੱਸਾ ਮਹਾਸਾਗਰ ਖਿੱਚ ਲੈਂਦੇ ਹਨ। ਮਹਾਸਾਗਰਾਂ ਦਾ ਵਧਦਾ ਤਾਪਮਾਨ ਪ੍ਰਿਥਵੀ ਦੇ ਜਲਵਾਯੂ ਲਈ ਬਹੁਤ ਮਾਰੂ ਸਾਬਿਤ ਹੋ ਸਕਦਾ ਹੈ।

ਦੁਨੀਆ ਭਰ ਦੇ ਵਿਗਿਆਨੀਆਂ ਦੀ ਟੀਮ ਵੱਲੋਂ ਚੀਨ ਦੇ ਵਾਯੂ ਮੰਡਲੀ ਸੰਸਥਾ ਵੱਲੋਂ ਇਕੱਠੇ ਕੀਤੇ ਗਏ ਡਾਟਾ ਦੇ ਸਰਵੇ ਵਿੱਚ ਇਹ ਤਾਜ਼ਾ ਜਾਣਕਾਰੀ ਸਾਹਮਣੇ ਆਈ ਹੈ। ਐਡਵਾਂਸਿਜ ਇਨ ਐਟਮਾਸਫੀਅਰਿਕ ਸਾਇੰਸਿਜ਼ ਨਾਂਅ ਦੇ ਜਰਨਲ ਵਿੱਚ ਛਪੇ ਸਰਵੇ ਵਿੱਚ ਇਹ ਪਾਇਆ ਗਿਆ ਕਿ ਸੰਸਾਰ ਮਹਾਸਾਗਰੀ ਤਾਪਮਾਨ ਦੇ ਪੱਖੋਂ ਬੀਤੇ ਦਸ ਸਾਲ ਸਭ ਤੋਂ ਗਰਮ ਰਹੇ ਤੇ ਆਖਰੀ ਪੰਜ ਸਾਲ ਵਿੱਚ ਸਭ ਤੋਂ ਵੱਧ ਤਾਪਮਾਨ ਦਰਜ ਕੀਤਾ ਗਿਆ। ਖੋਜਕਾਰਾਂ ਦੇ ਅਨੁਸਾਰ 2019 ਵਿੱਚ ਮਹਾਸਾਗਰ ਦਾ ਤਾਪਮਾਨੇ 1981-2010 ਦੇ ਔਸਤ ਤਾਪਮਾਨ ਤੋਂ 0.075 ਡਿਗਰੀ ਸੈਲਸੀਅਸ ਵੱਧ ਸੀ।

## ਯੂਕਰੇਨੀਅਨ ਜਹਾਜ਼ ਹਾਦਸਾ ਕੇਸ ਵਿੱਚ ਇਰਾਨ ਵੱਲੋਂ ਗ੍ਰਿਫ਼ਤਾਰੀਆਂ



ਤਹਿਰਾਨ, 15 ਜਨਵਰੀ (ਪੋਸਟ ਬਿਊਰੋ)- ਯੂਕਰੇਨੀ ਜਹਾਜ਼ ਦੇ ਇਰਾਨੀ ਮਿਜ਼ਾਈਲ ਨਾਲ ਤਬਾਹ ਹੋਣ ਦੇ ਮਾਮਲੇ 'ਚ ਇਰਾਨ ਨੇ ਗ੍ਰਿਫ਼ਤਾਰੀਆਂ ਦਾ ਐਲਾਨ ਕੀਤਾ ਹੈ। ਇਸ ਤ੍ਰਾਸਦੀ ਦੇ ਖ਼ਿਲਾਫ਼ ਦੇਸ਼ ਵਿੱਚ ਮੁਜ਼ਾਹਰੇ ਹੋ ਰਹੇ ਹਨ। ਇਰਾਨ ਨੇ ਪਹਿਲਾਂ ਇਨਕਾਰ ਕਰਨ ਤੋਂ ਬਾਅਦ ਮੰਨਿਆ ਸੀ ਕਿ ਮਿਜ਼ਾਈਲ ਅਪਰੇ-ਟਰ ਨੇ ਜਹਾਜ਼ ਨੂੰ ਕਰੂਜ਼ ਮਿਜ਼ਾਈਲ ਸਮਝਿਆ ਤੇ ਆਪਣੇ ਪੱਧਰ 'ਤੇ ਹੀ ਫਾਇਰ ਕਰ ਦਿੱਤਾ।

ਟੈਲੀਵਿਜ਼ਨ 'ਤੇ ਕੀਤੀ ਗਈ ਮੀਡੀਆ ਕਾਨਫਰੰਸ ਵਿੱਚ ਨਿਆਂ ਪਾਲਿਕਾ ਨੇ ਕਿਹਾ ਕਿ ਇਸ ਬਾਰੇ ਗ੍ਰਿਫ਼ਤਾਰੀਆਂ ਹੋਈਆਂ ਹਨ, ਪਰ ਗਿਣਤੀ ਨਹੀਂ ਦੱਸੀ ਗਈ। ਦੇਸ਼ ਦੇ ਅਧਿਕਾਰੀਆਂ ਨੇ ਕਿਹਾ ਕਿ ਉਚ ਪੱਧਰੀ ਜਾਂਚ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਇਰਾਨ ਦੇ ਰਾਸ਼ਟਰਪਤੀ ਹਸਨ ਰੂਹਾਨੀ ਨੇ ਕਿਹਾ ਕਿ ਇਸ ਤ੍ਰਾਸਦੀ ਦੇ ਜ਼ਿੰਮੇਵਾਰ ਹਰ ਕਿਸੇ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਰੂਹਾਨੀ ਨੇ ਕਿਹਾ ਕਿ ਉਹ ਆਪਣੇ ਪੱਧਰ 'ਤੇ ਯਕੀਨੀ ਬਣਾ ਰਹੇ ਹਨ ਕਿ ਗਲਤੀ ਜਾਂ ਲਾਪਰਵਾਹੀ ਕਰਨ ਵਾਲੇ ਨੂੰ ਕਾਨੂੰਨੀ ਘੇਰੇ ਵਿੱਚ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਸਿਰਫ਼ ਬਟਨ ਦੱਬਣ ਵਾਲੇ ਦੀ ਸਾਰੀ ਗਲਤੀ ਨਹੀਂ ਕੱਢੀ ਜਾ ਸਕਦੀ। ਹੋਰ ਵੀ ਜ਼ਿੰਮੇਵਾਰੀ ਹਨ। ਰੂਹਾਨੀ ਨੇ ਦੁਹਰਾਇਆ ਕਿ 'ਇਨ੍ਹਾਂ ਸਾਰੇ ਦੁੱਖਾਂ ਦੀ ਜੜ੍ਹ ਅਮਰੀਕਾ ਹੈ।'

## ਮਾਲਵਾ ਖੇਤਰ ਵਿੱਚ ਯੂਰੇਨੀਅਮ:
# ਨੌਂ ਸਾਲ ਬਾਅਦ ਹਾਈ ਕੋਰਟ ਦੇ ਹੁਕਮਾਂ ਉੱਤੇ ਕਮੇਟੀ ਗਠਿਤ




ਚੰਡੀਗੜ੍ਹ, 15 ਜਨਵਰੀ (ਪੋਸਟ ਬਿਊਰੋ)- ਮਾਲਵਾ ਖੇਤਰ ਵਿੱਚ ਯੂਰੇਨੀਅਮ ਮੁਕਤ ਪੀਣ ਦਾ ਪਾਣੀ ਹਾਸਲ ਕਰਾਉਣ ਦੇ ਹੱਲ ਸੁਝਾਉਣ ਲਈ ਪੰਜਾਬ ਸਰਕਾਰ ਨੇ ਊਰਜਾ ਵਿਭਾਗ ਤੋਂ ਇਲਾਵਾ ਮੁੱਖ ਸਕੱਤਰ ਦੀ ਅਗਵਾਈ ਵਿੱਚ ਉੱਚ ਪੱਧਰੀ ਕਮੇਟੀ ਬਣਾ ਦਿੱਤੀ ਹੈ। ਇਸ ਕਮੇਟੀ 'ਚ ਵਿੱਤ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਤੋਂ ਇਲਾਵਾ ਲੋਕਲ ਬਾਡੀਜ਼, ਜਲ ਸਰੋਤ ਅਤੇ ਸਾਇੰਸ ਐਂਡ ਟੈਕਨਾਲੋਜੀ ਐਂਡ ਇਨਵਾਇਰਨਮੈਂਟ ਵਿਭਾਗ ਦੇ ਸਕੱਤਰ ਨੂੰ ਮੈਂਬਰ ਲਿਆ ਅਤੇ ਜਲ ਸਪਲਾਈ ਤੇ ਸਫਾਈ ਵਿਭਾਗ ਦੇ ਸਕੱਤਰ ਇਸ ਕਮੇਟੀ ਦੇ ਕਨਵੀਨਰ ਬਣਾਏ ਗਏ ਹਨ।

ਇਹ ਜਾਣਕਾਰੀ ਮਾਲਵਾ ਖੇਤਰ ਵਿੱਚ ਜ਼ਮੀਨ ਹੇਠਲੇ ਪਾਣੀ ਵਿੱਚ ਯੂਰੇਨੀਅਮ ਹੋਣ ਉਤੇ ਹਾਈ ਕੋਰਟ 'ਚ ਦਰਜ ਕੀਤੀ ਗਈ ਸਟੇਟਸ ਰਿਪੋਰਟ ਵਿੱਚ ਪੰਜਾਬ ਸਰਕਾਰ ਨੇ ਕੋਰਟ ਨੂੰ ਦਿੱਤੀ ਹੈ। ਪਤਾ ਲੱਗਾ ਹੈ ਕਿ ਮਾਲਵਾ ਖੇਤਰ ਦੇ 10 ਜ਼ਿਲਿਆਂ ਦੇ 249 ਰਿਹਾਇਸ਼ੀ ਖੇਤਰਾਂ ਦੇ ਪਾਣੀ 'ਚ ਯੂਰੇਨੀਅਮ ਦਾ ਪ੍ਰਭਾਵ ਮਿਲਿਆ ਹੈ। ਇਨ੍ਹਾਂ 'ਚੋਂ ਨੱਬੇ ਖੇਤਰਾਂ ਵਿੱਚ ਆਰ ਓ ਦਾ ਪਾਣੀ ਸਪਲਾਈ ਕੀਤਾ ਜਾ ਰਿਹਾ ਹੈ। 34 ਹੋਰ ਖੇਤਰਾਂ 'ਚ ਆਰ ਓ ਲਾਉਣ ਲਈ ਟੈਂਡਰ ਮੰਗੇ ਗਏ ਹਨ। 35 ਰਿਹਾਇਸ਼ੀ ਖੇਤਰਾਂ ਨੂੰ ਨਹਿਰੀ ਪਾਣੀ ਪੁਚਾਉਣ ਦਾ ਕੰਮ ਚੱਲ ਰਿਹਾ ਹੈ। ਇਸ ਤੋਂ ਬਿਨਾ ਪਟਿਆਲਾ 'ਚ ਤਿੰਨ ਰਿਹਾਇਸ਼ੀ ਖੇਤਰਾਂ ਨੂੰ ਨਹਿਰੀ ਪਾਣੀ ਨਾਲ ਜੋੜਨ 'ਤੇ ਕਾਰਜ ਜਾਰੀ ਹੈ। ਬਾਕੀ ਬਚਦੇ 87 ਯੂਰੇਨੀਅਮ ਪ੍ਰਭਾਵਤ ਖੇਤਰਾਂ ਨੂੰ ਸੰਸਾਰ ਬੈਂਕ ਦੇ ਪ੍ਰੋਜੈਕਟ ਜਲ ਜੀਵਨ ਮਿਸ਼ਨ ਹੇਠ ਲਿਆਂਦੇ ਜਾਣ ਦਾ ਪ੍ਰਸਤਾਵ ਹੈ।

A/Z CITY DRIVER
WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੋਂ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

# ਅੰਮ੍ਰਿਤਸਰ ਰੇਲਵੇ ਸਟੇਸ਼ਨ ਦੀ ਵਿਰਾਸਤੀ ਦਿੱਖ ਬਦਲੇ ਜਾਣ ਉਤੇ ਵਿਵਾਦ

ਚੰਡੀਗੜ੍ਹ, 15 ਜਨਵਰੀ (ਪੋਸਟ ਬਿਊਰੋ)- ਭਾਰਤੀ ਰੇਲਵੇ ਸਟੇਸ਼ਨ ਵਿਕਾਸ ਕਾਰਪੋਰੇਸ਼ਨ (ਆਈ ਆਰ ਐਸ ਡੀ ਸੀ) ਅਗਲੇ ਦਿਨੀਂ ਅੰਮ੍ਰਿਤਸਰ ਰੇਲਵੇ ਸਟੇਸ਼ਨ ਨੂੰ ਨਵੇਂ ਸਿਰੇ ਤੋਂ ਬਣਾ ਕੇ ਇਸ ਵਿੱਚ ਵਿਸ਼ਵ ਪੱਧਰ ਦੀਆਂ ਸਹੂਲਤਾਂ ਦੇਣ ਜਾ ਰਹੀ ਹੈ। ਕੁਝ ਮੀਡੀਆ ਰਿਪੋਰਟਾਂ ਮੁਤਾਬਕ ਇਹ ਸਟੇਸ਼ਨ ਉਨ੍ਹਾਂ ਮੁੱਖ ਸਟੇਸ਼ਨ ਵਿੱਚੋਂ ਹੈ ਜਿਨ੍ਹਾਂ ਨੂੰ ਜਨਤਕ ਅਤੇ ਨਿੱਜੀ ਖੇਤਰ ਦੇ ਸਹਿਯੋਗ (ਪੀ ਪੀ ਪੀ ਮੋਡ) ਰਾਹੀਂ ਬਣਾਇਆ ਜਾਵੇਗਾ। ਇਸ ਦਾ ਨਕਸ਼ਾ ਤੇ ਡਿਜ਼ਾਈਨ ਸਰਕਾਰੀ-ਪ੍ਰਾਈਵੇਟ ਭਾਈਵਾਲੀ ਅਪਰੇਜ਼ਲ ਕਮੇਟੀ ਨੇ ਪਿਛਲੇ ਸਾਲ 20 ਦਸੰਬਰ ਨੂੰ ਪਾਸ ਕੀਤਾ ਹੈ।

ਜਾਣਕਾਰ ਸੂਤਰਾਂ ਅਨੁਸਾਰ ਆਈ ਆਰ ਐਸ ਡੀ ਸੀ ਦਾ ਦਾਅਵਾ ਹੈ ਕਿ ਸਟੇਸ਼ਨ ਦੀ ਇਮਾਰਤ ਸਿੱਖੀ ਰਵਾਇਤਾਂ ਮੁਤਾਬਕ ਹੋਵੇਗੀ। ਇਸ ਉਤੇ ਲਗਭੱਗ 300 ਕਰੋੜ ਰੁਪਏ ਖ਼ਰਚ ਆਉਣਗੇ ਅਤੇ ਸਟੇਸ਼ਨ ਦੇ ਸਾਰੇ ਪਲੇਟਫ਼ਰਾਮ ਇੱਕ ਛੱਤ ਹੇਠ ਲਿਆਂਦੇ ਜਾਣਗੇ। ਹਵਾਈ ਅੱਡੇ ਵਾਂਗ ਆਉਣ ਅਤੇ ਵਿਦਾ ਹੋਣ ਵਾਲੇ ਯਾਤਰੀਆਂ ਲਈ ਵੱਖ-ਵੱਖ ਪ੍ਰਬੰਧ ਕੀਤੇ ਜਾਵੇਗੇ। ਅਖ਼ਬਾਰਾਂ ਤੇ ਵਟਸਐਪ ਉਤੇ ਮਿਲੇ ਇਸ ਸਟੇਸ਼ਨ ਦੇ ਡਿਜ਼ਾਈਨ ਅਨੁਸਾਰ ਸਟੇਸ਼ਨ ਵਿੱਚ ਦਾਖ਼ਲਾ ਸਥਾਨ ਉਤੇ ਇੱਕ ਕਮਲ ਦੇ ਫੁੱਲ ਦੇ ਆਕਾਰ ਦਾ ਸਰੋਵਰ ਦਿਖਾਈ ਦੇਂਦਾ ਹੈ। ਇਸ ਡਿਜ਼ਾਈਨ ਨੇ ਨਵਾਂ ਵਿਵਾਦ ਛੇੜਿਆ ਹੈ। ਪ੍ਰੋਫ਼ੈਸਰ ਬਲਵਿੰਦਰ ਸਿੰਘ, ਜਿਹੜੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਗੁਰੂ ਰਾਮ ਦਾਸ ਸਕੂਲ ਆਫ਼ ਪਲੈਨਿੰਗ ਦੇ ਮੁਖੀ ਰਹੇ ਹਨ ਤੇ ਪੁਰਾਣੀਆਂ ਇਮਾਰਤਂ ਦੀ ਦੇਖ-ਰੇਖ ਦੇ ਮਾਹਿਰ ਹਨ, ਨੇ ਕਿਹਾ ਕਿ ਭਾਵੇਂ ਵਟਸਐਪ ਉਤੇ ਮਿਲੇ ਡਿਜ਼ਾਈਨ 'ਤੇ ਵੱਡੀ



ਟਿੱਪਣੀ ਕਰਨਾ ਮੁਮਕਿਨ ਨਹੀਂ, ਫਿਰ ਵੀ ਇਹ ਗੱਲ ਬੁਨਿਆਦੀ ਹੈ ਕਿ ਅੰਮ੍ਰਿਤਸਰ ਰੇਲਵੇ ਸਟੇਸ਼ਨ ਦੇ ਡਿਜ਼ਾਈਨ ਵਿੱਚ ਸਥਾਨਕ ਇਮਾਰਤਸਾਜ਼ੀ ਦੇ ਰੰਗ ਦਿਖਾਈ ਦੇਣੇ ਚਾਹੀਦੇ ਹਨ। ਉਨ੍ਹਾਂ ਅਨੁਸਾਰ ਅੰਮ੍ਰਿਤਸਰ ਵਿੱਚ ਸਿੱਖ ਤੇ ਪੰਜਾਬੀ ਵਿਰਸੇ ਦੀ ਅਮੀਰ ਵਿਰਾਸਤ ਮੌਜੂਦ ਹੈ ਤੇ ਉਹ ਡਿਜ਼ਾਈਨ ਦੇ ਬਹਾਰੀ ਪੱਖ ਤੋਂ ਝਲਕਣੀ ਚਾਹੀਦੀ ਹੈ। ਡਾ. ਬਲਵਿੰਦਰ ਸਿੰਘ ਨੇ ਜਬਲਪੁਰ ਰੇਲਵੇ ਸਟੇਸ਼ਨ ਦਾ ਡਿਜ਼ਾਈਨ ਬਣਾਉਣ ਵਾਲੀ ਕਮੇਟੀ ਵਿੱਚ ਮੋਹਰੀ ਭੂਮਿਕਾ ਅਦਾ ਕੀਤੀ ਸੀ ਅਤੇ ਉਹ ਅੰਮ੍ਰਿਤਸਰ ਦੀ ਸਮਾਰਟ ਸਿਟੀ ਕਮੇਟੀ ਦੇ ਸਲਾਹਕਾਰ ਰਹੇ ਹਨ। ਉਨ੍ਹਾਂ ਅਨੁਸਾਰ ਮਾਰਚ 2019 ਤੱਕ ਅੰਮ੍ਰਿਤਸਰ ਰੇਲਵੇ ਸਟੇਸ਼ਨ ਦੇ ਕਿਸੇ ਡਿਜ਼ਾਈਨ ਬਾਰੇ ਇਸ ਕਮੇਟੀ ਨੂੰ ਜਾਣਕਾਰੀ ਨਹੀਂ ਸੀ।

ਇੰਟਰਨੈਸ਼ਨਲ ਕੌਂਸਿਲ ਆਫ਼ ਮਾਨੂੰਮੈਂਟਸ ਐਂਡ ਸਾਈਟਸ, ਜਿਹੜੀ ਦੁਨੀਆ ਵਿੱਚ ਵਿਰਾਸਤੀ ਇਮਾਰਤਾਂ ਦੀ ਸਾਂਭ-ਸੰਭਾਲ ਤੇ ਸੁਰੱਖਿਆ ਦੇ ਖੇਤਰ ਵਿੱਚ ਕੰਮ ਕਰਨ ਵਾਲੀ ਅੰਤਰਰਾਸ਼ਟਰੀ ਸੰਸਥਾ ਹੈ, ਦੇ ਇੰਡੀਆ ਚੈਪਟਰ ਦੀ ਮੁਖੀ ਪ੍ਰੋਫ਼ੈਸਰ ਕਿਰਨ ਜੋਸ਼ੀ ਨੇ ਕਿਹਾ ਕਿ ਸਿੱਖ ਇਮਾਰਤਸਾਜ਼ੀ ਵਿੱਚ ਕਮਲ ਦੇ ਫੁੱਲ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਨਹੀਂ ਹੈ। ਪ੍ਰੋ. ਜੋਸ਼ੀ, ਜੋ ਇਮਾਰਤਸਾਜ਼ੀ ਦਾ ਇਤਿਹਾਸ ਪੜ੍ਹਾਉਂਦੇ ਰਹੇ ਹਨ, ਅਨੁਸਾਰ ਉਨ੍ਹਾਂ ਨੇ ਪੰਜਾਬ ਅਤੇ ਸਿੱਖ ਵਿਰਾਸਤ ਨਾਲ ਸਬੰਧਤ ਕਈ ਅਧਿਐਨ ਕੀਤੇ ਅਤੇ ਕਰਾਏ ਹਨ ਅਤੇ ਉਨ੍ਹਾਂ ਅਨੁਸਾਰ ਉਨ੍ਹਾਂ ਨੂੰ ਕਿਤੇ ਵੀ ਕਮਲ ਦੇ ਫੁੱਲ ਦੇ ਬਿੰਬ ਦੀ ਪ੍ਰਮੁੱਖ ਪਰੰਪਰਾ ਵੇਖਣ ਨੂੰ ਨਹੀਂ ਮਿਲੀ। ਉਨ੍ਹਾਂ ਅਨੁਸਾਰ ਸਾਰੀ ਦੁਨੀਆ ਦੇ ਲੋਕ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਉਂਦੇ ਹਨ ਅਤੇ ਰੇਲਵੇ ਸਟੇਸ਼ਨ ਜਾਂ ਹਵਾਈ ਅੱਡੇ 'ਤੇ ਜੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਇਮਰਾਤਸਾਜ਼ੀ ਦੇਖਣ ਨੂੰ ਮਿਲਣੀ ਚਾਹੀਦੀ ਹੈ ਤਾਂ ਉਸ ਸ੍ਰੀ ਹਰਿਮੰਦਰ ਸਾਹਿਬ ਦੇ ਡਿਜ਼ਾਈਨ ਨਾਲ ਹੀ ਸਬੰਧਤ ਹੋਣੀ ਚਾਹੀਦੀ ਹੈ। ਉਨ੍ਹਾਂ ਅਨੁਸਾਰ ਕਮਲ ਦੇ ਫੁੱਲ ਨੂੰ ਕੇਂਦਰੀ ਬਿੰਬ ਵਜੋਂ ਉਭਾਰਨਾ ਸਿੱਖ ਵਿਰਾਸਤ ਸਬੰਧੀ ਅਗਿਆਨਤਾ ਦੀ ਨਿਸ਼ਾਨੀ ਹੈ।

ਪ੍ਰੋਫ਼ੈਸੈਰ ਬਲਵਿੰਦਰ ਸਿੰਘ ਨੇ ਇਸ ਗੱਲ ਵੱਲ ਧਿਆਨ ਦਿਵਾਇਆ ਹੈ ਕਿ ਲਾਹੌਰ ਰੇਲਵੇ ਸਟੇਸ਼ਨ ਨੂੰ ਦੁਬਾਰਾ ਡਿਜ਼ਾਈਨ ਕਰਦਿਆਂ ਉਥੋਂ ਦੇ ਇਮਾਰਤਸਾਜ਼ਾਂ ਨੇ ਉਸ ਦੀ ਪੁਰਾਣੀ ਦਿੱਖ ਕਾਇਮ ਰੱਖੀ, ਕਿਉਂਕਿ ਇਮਾਰਤਾਂ ਨੂੰ ਆਪਣੇ ਸਮਿਆਂ ਦਾ ਪ੍ਰਤੀਕ ਵੀ ਹੋਣਾ ਚਾਹੀਦਾ ਹੈ।

## ਟਿੱਪਰ ਨੇ ਦੋ ਬਾਈਕ ਸਵਾਰ ਦੀ ਨੌਜਵਾਨਾਂ ਨੂੰ ਟੱਕਰ ਮਾਰੀ, ਇਕ ਦੀ ਮੌਤ ਹੋਈ

ਕਪੂਰਥਲਾ, 15 ਜਨਵਰੀ (ਪੋਸਟ ਬਿਊਰੋ)- ਟਿੱਪਰ ਦੇ ਚਾਲਕ ਨੇ ਮੋਟਰ ਸਾਈਕਲ ਸਵਾਰ ਦੋ ਨੌਜਵਾਨਾਂ ਨੂੰ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਮੋਟਰ ਸਾਈਕਲ ਸਵਾਰ ਇਕ ਨੌਜਵਾਨ ਦੀ ਮੌਕੇ ਉੱਤੇ ਮੌਤ ਹੋ ਗਈ। ਥਾਣਾ ਢਿੱਲਵਾਂ ਦੀ ਪੁਲਿਸ ਨੇ ਟਿੱਪਰ ਚਾਲਕ ਜਸਵੰਤ ਸਿੰਘ ਵਾਸੀ ਕੱਥੂਨੰਗਲ ਜ਼ਿਲ੍ਹਾ ਅੰਮ੍ਰਿਤਸਰ ਦੇ ਖ਼ਿਲਾਫ਼ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਕੇਸ ਦੀ ਅਗਲੀ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਨੂੰ ਮੁਨੀਸ਼ ਕੁਮਾਰ ਪੁੱਤਰ ਬਾਬੂ ਰਾਮ ਵਾਸੀ ਚੰਦਪੁਰ ਥਾਣਾ ਗਾਦਾ ਰੇੜੀ ਜ਼ਿਲ੍ਹਾ ਸਹਾਰਨਪੁਰ ਉੱਤਰ ਪ੍ਰਦੇਸ਼ ਹਾਲ ਵਾਸੀ ਗਲੀ ਨੰਬਰ 10 ਮੁਹੱਲਾ ਪ੍ਰੀਤ ਨਗਰ ਕਪੂਰਥਲਾ ਨੇ ਕਿਹਾ ਕਿ ਉਹ ਤੇ ਉਸ ਦਾ ਦੋਸਤ ਸੁਖਚੈਨ ਸਿੰਘ ਪੁੱਤਰ ਹਰਦਿਆਲ ਸਿੰਘ ਵਾਸੀ ਕਮਾਲਪੁਰ ਥਾਣਾ ਸਮਾਣਾ ਜ਼ਿਲ੍ਹਾ ਪਟਿਆਲਾ ਆਸ਼ੀਰਵਾਦ ਮਾਈਕ੍ਰੋ ਫਾਈਨਾਂਸ ਲਿਮਟਿਡ ਕੰਪਨੀ ਮੁਹੱਲਾ ਸੰਤਪੁਰਾ ਕਪੂਰਥਲਾ ਵਿੱਚ ਫੀਲਡ ਅਫਸਰ ਦੀ ਨੌਕਰੀ ਕਰਦੇ ਹਨ। ਉਹ ਅਤੇ ਉਸ ਦਾ ਦੋਸਤ ਸੁਖਚੈਨ ਆਪਣੇ-ਆਪਣੇ ਮੋਟਰਸਾਈਕਲ ਉੱਤੇ ਲੋਕਾਂ ਤੋਂ ਫਾਈਨਾਂਸ ਦੀਆਂ ਕਿਸ਼ਤਾਂ ਉਗਰਾਹ ਕੇ ਪਿੰਡ ਜਾਤੀਕੇ ਤੋਂ ਕਪੂਰਥਲਾ ਮੁੜ ਰਹੇ ਸਨ। ਪਿੰਡ ਸੰਗੋਜਲਾ ਤੋਂ ਪਹਿਲਾਂ ਇੱਕ ਟਿੱਪਰ ਨੇ ਸੁਖਚੈਨ ਸਿੰਘ ਦੇ ਮੋਟਰ ਸਾਈਕਲ ਨੂੰ ਟੱਕਰ ਮਾਰ ਦਿੱਤੀ। ਟਿੱਪਰ ਦੇ ਚਾਲਕ ਜਸਵੰਤ ਸਿੰਘ ਨੇ ਇਸ ਦੌਰਾਨ ਨਾ ਹਾਰਨ ਵਜਾਇਆ ਤੇ ਨਾ ਕੋਈ ਸਿਗਨਲ ਦਿੱਤਾ। ਹਾਦਸੇ ਵਿੱਚ ਸੁਖਚੈਨ ਸਿੰਘ ਦੀ ਮੌਕੇ ਉੱਤੇ ਮੌਤ ਹੋ ਗਈ। ਇਸ ਕੇਸ ਦੇ ਜਾਂਚ ਅਧਿਕਾਰੀ ਏ ਐੱਸ ਆਈ ਬਲਬੀਰ ਸਿੰਘ ਨੇ ਕਿਹਾ ਕਿ ਕੇਸ ਦਰਜ ਕਰਨ ਤੋਂ ਬਾਅਦ ਦੋਸ਼ੀ ਟਿੱਪਰ ਚਾਲਕ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

## ਭਾਜਪਾ ਵਿਧਾਇਕ ਸੁਰਿੰਦਰ ਨੇ ਮਮਤਾ ਬੈਨਰਜੀ ਨੂੰ 'ਰਾਖਸ਼ਣੀ' ਕਹਿ ਦਿੱਤਾ

ਨਵੀਂ ਦਿੱਲੀ, 15 ਜਨਵਰੀ (ਪੋਸਟ ਬਿਊਰੋ)- ਭਾਜਪਾ ਆਗੂਆਂ ਵਲੋਂ ਅਕਸਰ ਹੀ ਵਿਰੋਧੀ ਪਾਰਟੀਆਂ ਦੇ ਆਗੂਆਂ ਉੱਤੇ ਨਿਸ਼ਾਨੇ ਸਾਧਣ ਲਈ ਅਜੀਬੋ-ਗਰੀਬ ਬਿਆਨ ਦਿੱਤੇ ਜਾਂਦੇ ਹਨ। ਇਸ ਵਾਰੀ ਬਲੀਆ ਤੋਂ ਭਾਜਪਾ ਵਿਧਾਇਕ ਸੁਰੇਂਦਰ ਸਿੰਘ ਨੇ ਇੱਕ ਵਿਵਾਦਿਤ ਬਿਆਨ ਦਾਗ ਦਿੱਤਾ ਹੈ। ਉਸ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਤੇ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਨੂੰ ਨੂੰ ਰਾਖਸ਼ਣੀ ਕਹਿ ਦਿੱਤਾ ਹੈ।



ਵਿਧਾਇਕ ਸੁਰੇਂਦਰ ਸਿੰਘ ਨੇ ਨਾਗਰਿਕਤਾ ਸੋਧ ਕਾਨੂੰਨ ਬਾਰੇ ਮਮਤਾ ਬੈਨਰਜੀ ਵਲੋਂ ਕੀਤੇ ਜਾਂਦੇ ਵਿਰੋਧ ਦੇ ਬਾਰੇ ਇੱਕ ਸਵਾਲ ਉੱਤੇ ਕਿਹਾ ਕਿ 'ਜਿਹੜੀ ਸੈਂਕੜੇ ਹਿੰਦੂਆਂ ਦਾ ਕਤਲੇਆਮ ਕਰਨ ਵਾਲੇ ਸ਼ਰਨਾਰਥੀਆਂ ਨੂੰ ਸੁਰੱਖਿਆ ਦੇਂਦੀ ਹੈ, ਉਸ ਨੇਤਾ ਨੂੰ ਅਸੀਂ ਰਾਕਸ਼ਣੀ ਕਹਿ ਸਕਦੇ ਹਾਂ। ਲੋਕਤੰਤਰੀ ਵਿਵਸਥਾ ਵਿੱਚ ਮਮਤਾ ਬੈਨਰਜੀ ਅੰਦਰ ਸ਼ੁੱਧ ਰੂਪ ਵਿੱਚ ਰਾਕਸ਼ੀ ਸੰਸਕਾਰ ਹਨ ਤੇ ਉਨ੍ਹਾਂ ਕੋਲ ਨਾਰੀ ਧਰਮ ਦਾ ਕੋਈ ਸੰਸਕਾਰ ਨਹੀਂ।' ਭਾਜਪਾ ਦੇ ਇਸ ਵਿਧਾਇਕ ਨੇ ਕਿਹਾ ਕਿ 'ਭਾਜਪਾ ਦੇਵਤਾਵਾਂ ਦੀ ਪਾਰਟੀ ਹੈ, ਸਮਾਜਵਾਦੀ ਪਾਰਟੀ, ਬਸਪਾ ਅਤੇ ਤ੍ਰਿਣਮੂਲ ਕਾਂਗਰਸ ਰਾਕਸ਼ਾਂ ਦੀ ਪਾਰਟੀ ਹਨ। ਅੱਤਵਾਦੀਆਂ ਨੂੰ ਸੁਰੱਖਿਆ ਦੇਣ ਦਾ ਮਤਲਬ ਰਾਕਸ਼ਾਂ ਨੂੰ ਸੁਰੱਖਿਆ ਦੇਣਾ ਹੁੰਦਾ ਹੈ।'

## ਸੀਏਏ ਬਾਰੇ ਕਿਸੇ ਨੂੰ ਵੀ ਭਰੋਸੇ 'ਚ ਨਹੀਂ ਲਿਆ: ਮਾਇਆਵਤੀ

ਲਖ਼ਨਊ, 15 ਜਨਵਰੀ (ਪੋਸਟ ਬਿਊਰੋ)- 'ਬਸਪਾ' ਸੁਪਰੀਮੋ ਮਾਇਆਵਤੀ ਨੇ ਮੋਦੀ ਸਰਕਾਰ 'ਤੇ ਨਾਗਰਿਕਤਾ ਸੋਧ ਕਾਨੂੰਨ (ਸੀਏਏ) ਬਾਰੇ ਕਿਸੇ ਨੂੰ ਵੀ ਭਰੋਸੇ 'ਚ ਨਾ ਲੈਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਦੇਸ਼ ਦੀ ਹਾਲਤ ਪਹਿਲਾਂ ਨਾਲੋਂ ਵੀ ਵੱਧ ਖ਼ਰਾਬ ਹੋ ਗਈ ਹੈ। ਮਾਇਆਵਤੀ ਨੇ ਕਿਹਾ ਕਿ ਭਾਜਪਾ ਸਰਕਾਰ ਵੱਲੋਂ ਕਿਸੇ ਨੂੰ ਵੀ ਭਰੋਸੇ ਵਿਚ ਨਾ ਲੈਣਾ ਬੇਹੱਦ ਦੁਖੀ ਕਰਨ ਵਾਲਾ ਹੈ। ਇਸੇ ਲਈ ਦੇਸ਼ ਵਿਚ ਹਾਹਾਕਾਰ ਮੱਚੀ ਹੋਈ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਣੇ ਗੁਆਂਢੀ ਮੁਲਕਾਂ ਵਿਚ ਕੇਵਲ ਮੁਸਲਮਾਨ ਹੀ ਸਰਕਾਰੀ ਦਮਨ ਦਾ ਸ਼ਿਕਾਰ ਨਹੀਂ ਹਨ, ਅਪਰਾਧ ਤੇ ਜਬਰ ਤਾਂ ਕਿਸੇ ਨਾਲ ਵੀ ਹੋ ਸਕਦਾ ਹੈ। ਇਸ ਲਈ ਕੇਂਦਰ ਆਪਣਾ ਫ਼ੈਸਲਾ ਮੁੜ ਵਿਚਾਰੇ ਤੇ ਆਮ ਸਹਿਮਤੀ ਨਾਲ ਇਕ ਨਵਾਂ ਕਾਨੂੰਨ ਲਿਆਂਦਾ ਜਾਵੇ।

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

